ੴ ਸਤਿਗੁਰ ਪ੍ਰਸਾਦਿ ॥

**ਸੇਵਾ ਕਰਤ ਹੋਇ ਨਿਹਕਾਮੀ ॥ ਤਿਸ ਕਉ ਹੋਤ ਪਰਾਪਤਿ ਸੁਆਮੀ ॥**

**ਪਰਮ ਸਤਿਕਾਰਯੋਗ ਜਨਰਲ ਮੈਂਬਰ ਸਾਹਿਬ ਜੀਓ,**

**ਵਾਹਿਗੁਰੂ ਜੀ ਕਾ ਖ਼ਾਲਸਾ॥ ਵਾਹਿਗੁਰੂ ਜੀ ਕੀ ਫ਼ਤਿਹ॥**

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ ਵੱਲੋਂ ਬਤੌਰ ਕੇਂਦਰੀ ਸੰਸਥਾ ਆਪਣੀਆਂ ਜ਼ਿੰਮੇਵਾਰੀਆਂ, ਸਿੱਖ ਪ੍ਰੰਪਰਾਵਾਂ ਅਤੇ ਸਿੱਖ ਮਰਯਾਦਾ ਨੂੰ ਜਾਰੀ ਰੱਖਣ ਦਾ ਪੂਰਾ ਯਤਨ ਕੀਤਾ ਗਿਆ। ਇਸ ਸਬੰਧ ਵਿੱਚ ਸਾਲ 2018-2021 ਦੀਆਂ ਕੁਝ ਮਹੱਤਵਪੂਰਣ ਸਰਗਰਮੀਆਂ ਅਤੇ ਸੇਵਾਵਾਂ ਦੀ ਜਾਣਕਾਰੀ ਸੰਗਤਾਂ ਤਕ ਪਹੁੰਚਾਉਣ ਦਾ ਯਤਨ ਕੀਤਾ ਜਾ ਰਿਹਾ ਹੈ।



ਅਸੀਂ ਮੁੰਬਈ, ਨਵੀਂ ਮੁੰਬਈ ਦੇ ਨਾਲ ਲਗਦੇ ਅਤੇ ਐਮ. ਐਮ. ਆਰ. ਇਲਾਕਿਆਂ ਦੀਆਂ ਸਮੂੰਹ ਸਿੰਘ ਸਭਾਵਾਂ, ਸਭਾ ਸੋਸਾਇਟੀਆਂ, ਸੇਵਕ ਜੱਥਿਆਂ, ਪਤਵੰਤੇ ਸੱਜਣਾਂ ਦੇ ਹਾਰਦਿਕ ਧੰਨਵਾਦੀ ਹਾਂ, ਜਿਨ੍ਹਾਂ ਵੱਲੋਂ ਸਭਾ ਨੂੰ ਹਮੇਸ਼ਾ ਹੀ ਸਹਿਯੋਗ ਮਿਲਦਾ ਰਿਹਾ ਹੈ। ਆਪ ਸਭ ਨੇ ਸਭਾ ਵੱਲੋਂ ਕੀਤੇ ਗਏ ਪ੍ਰੋਗਰਾਮਾਂ, ਸਰਗਰਮੀਆਂ ਅਤੇ ਸਾਂਝੀਆਂ ਇਕੱਤ੍ਰਤਾਵਾਂ ਵਿੱਚ ਸ਼ਾਮਿਲ ਹੋ ਕੇ ਆਪਣੇ ਵੱਡਮੁੱਲੇ ਵੀਚਾਰਾਂ ਰਾਹੀਂ ਨਿਵਾਜਿਆ ਹੈ।

ਅਸੀਂ ਆਸ ਕਰਦੇ ਹਾਂ ਕਿ ਆਪ ਜੀ ਸਾਰੇ ਆਉਣ ਵਾਲੇ ਸਮੇਂ ਦੌਰਾਨ ਇਸੇ ਤਰ੍ਹਾਂ ਆਪਣੀ ਕੇਂਦਰੀ ਤੇ ਪ੍ਰਮੁੱਖ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਮੁੰਬਈ, ਦਾਦਰ ਦੇ ਹਰ ਸਮਾਗਮਾਂ ਵਿੱਚ ਪੂਰੀ ਸਦਭਾਵਨਾ ਅਤੇ ਤਨਦੇਹੀ ਨਾਲ ਹਿੱਸਾ ਲੈਂਦੇ ਰਹੋਗੇ ਅਤੇ ਮਹਾਰਾਸ਼ਟਰਾ ਪ੍ਰਾਂਤ ਵਿੱਚ ਇਕ ਸੰਗਠਨ ਦੇ ਰੂਪ ਵਿੱਚ ਪਰਿਵਾਰ ਦੀ ਤਰ੍ਹਾਂ ਰਹਿੰਦਿਆਂ, ਸਿੱਖ ਕੌਮ, ਸਿੱਖ ਪ੍ਰੰਪਰਾਵਾਂ ਅਤੇ ਗੁਰਸਿੱਖੀ ਜੀਵਨ ਨੂੰ ਉਜਾਗਰ ਕਰਨ ਦਾ ਨਿਸ਼ਾਨਾ ਰਖੋਗੇ।

– ਰਘਬੀਰ ਸਿੰਘ ਗਿੱਲ

ਪ੍ਰਧਾਨ, ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ

# ਗੁਰਦੁਆਰਾ ਸਾਹਿਬ ਦਾਦਰ



ਪ੍ਰਕਾਸ਼ ਅਸਥਾਨ – ਗੁਰਦੁਆਰਾ ਸਾਹਿਬ ਦਾਦਰ



ਗੁਰਦੁਆਰਾ ਸਾਹਿਬ ਦਾਦਰ ਦੇ ਦਰਬਾਰ ਹਾਲ ਵਿੱਚ ਸੁਸ਼ੋਭਿਤ ਸੰਗਤ

## ਰੋਜ਼ਾਨਾ ਦੀਵਾਨ ਸਮਾਗਮ ਅਤੇ ਗੁਰਮਤਿ ਵੀਚਾਰ :

ਗੁਰਦੁਆਰਾ ਸਾਹਿਬ ਵਿਖੇ ਰੋਜ਼ਾਨਾ ਦੋਨੋ ਸਮੇਂ ਗੁਰਬਾਣੀ ਕੀਰਤਨ, ਗੁਰਮਤਿ ਵੀਚਾਰ / ਕਥਾ ਦਾ ਪ੍ਰੋਗਰਾਮ ਹੁੰਦਾ ਹੈ। ਹਰ ਐਤਵਾਰ ਅਤੇ ਸੰਗਰਾਂਦ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ।

## ਗੁਰੂ ਕਾ ਲੰਗਰ :

ਗੁਰੂ ਘਰ ਦੀ ਮਰਿਯਾਦਾ ਨੂੰ ਕਾਇਮ ਰੱਖਦੇ ਹੋਏ ਸੰਗਤਾਂ ਦੇ ਸਹਿਯੋਗ ਨਾਲ ਰੋਜ਼ਾਨਾ ਸਵੇਰੇ 07.00 ਵਜੇ ਅਤੇ ਸ਼ਾਮ 05.30 ਵਜੇ ਚਾਹ ਨਾਸ਼ਤਾ, ਦੁਪਹਿਰ 1.00 ਵਜੇ ਅਤੇ ਰਾਤੀਂ 08.30 ਵਜੇ ਗੁਰੂ ਕੇ ਲੰਗਰ ਅੱਤੁਟ ਵਰਤਦੇ ਹਨ। ਗੁਰਦੁਆਰਾ ਸਾਹਿਬ ਦੇ ਮੁਸਾਫ਼ਰਖ਼ਾਨੇ ਵਿੱਚ ਬਾਹਰੋਂ ਆ ਕੇ ਇਲਾਜ ਅਤੇ ਹੋਰ ਕੰਮਕਾਰ ਲਈ ਠਹਿਰੇ ਮੁਸਾਫ਼ਰਾਂ ਲਈ ਇਹ ਇਕ ਬਹੁਤ ਵੱਡੀ ਸਹੂਲਤ ਹੈ।

# ਗੁਰਦੁਆਰਾ ਸਾਹਿਬ ਬੋਰੀਬੰਦਰ (ਸੀ.ਐਸ.ਐਮ.ਟੀ.)







1. ਮੁੰਬਈ ਦੇ ਪਹਿਲੇ ਗੁਰਦੁਆਰਾ ਸਾਹਿਬ ਬੋਰੀਬੰਦਰ (ਸੀ.ਐਸ.ਐਮ.ਟੀ.) ਦੀ ਬਿਲਡਿੰਗ ਵਿੱਚ ਤੀਸਰੀ ਮੰਜ਼ਲ 'ਤੇ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ, ਜਿੱਥੇ ਸਵੇਰੇ-ਸ਼ਾਮ, ਗ੍ਰੰਥੀ ਸਿੰਘ ਸਾਹਿਬ ਵੱਲੋਂ ਨਿੱਤਨੇਮ ਕੀਤਾ ਜਾਂਦਾ ਹੈ।
2. ਗੁਰਦੁਆਰਾ ਸਾਹਿਬ ਜੀ ਦੀ ਸਿਕਿਓਰਿਟੀ ਨੂੰ ਮੁੱਖ ਰੱਖਦੇ ਹੋਏ CCTV ਕੈਮਰੇ ਲਗੇ ਹੋਏ ਹਨ।
3. ਭਾਈ ਵੀਰ ਸਿੰਘ ਸਟੱਡੀ ਸਰਕਲ ਵੱਲੋਂ ਵੀ ਹਫ਼ਤਾਵਾਰੀ ਅਤੇ ਗੁਰਪੁਰਬਾਂ ਦੇ ਮੌਕੇ 'ਤੇ ਕੀਰਤਨ ਸਮਾਗਮ ਕਰਵਾਏ ਜਾਂਦੇ ਹਨ।
4. ਬੋਰੀਬੰਦਰ ਬਿਲਡਿੰਗ ਦੀ ਪਹਿਲੀ, ਦੂਸਰੀ ਮੰਜ਼ਿਲ ਅਤੇ ਗਰਾਊਂਡ ਫਲੋਰ ਪੀ.ਐਮ.ਸੀ. ਬੈਂਕ ਨੂੰ ਦਸੰਬਰ 2020 ਤੱਕ ਕਰਾਏ 'ਤੇ ਦਿੱਤਾ ਗਿਆ ਸੀ, ਜਿੱਥੇ ਬੈਂਕ ਵੱਲੋਂ ਏ.ਟੀ.ਐਮ. ਸਹੂਲਤ ਮੁਹੱਈਆ ਕਰਵਾਈ ਗਈ ਸੀ।
5. ਇਸ ਸਮੇਂ ਗੁਰਦੁਆਰਾ ਸਾਹਿਬ ਬੋਰੀਬੰਦਰ ਦੀ ਬਿਲਡਿੰਗ ਨੰ: 264, ਜਿਸ ਦੀ ਆਖ਼ਰੀ ਮੰਜ਼ਿਲ 'ਤੇ ਗੁਰਦੁਆਰਾ ਸਾਹਿਬ ਸਥਿਤ ਹੈ, ਦੀ ਮੁਕੰਮਲ ਮੁਰੰਮਤ ਦਾ ਕੰਮ ਸਭਾ ਵੱਲੋਂ ਬਕਾਇਦਾ ਟੈਂਡਰ ਮੰਗਵਾ ਕੇ ਅਤੇ ਲੋੜੀਂਦੀ ਕਾਗ਼ਜ਼ੀ ਕਾਰਵਾਈ ਪੂਰੀ ਕਰ ਕੇ ਸ਼ੁਰੂ ਕੀਤਾ ਗਿਆ ਹੈ, ਜੋ ਕਿ ਬਹੁਤ ਜਲਦੀ ਹੀ ਮੁਕੰਮਲ ਹੋ ਜਾਏਗਾ। ਗੁਰਦੁਆਰਾ ਸਾਹਿਬ ਬਿਲਡਿੰਗ ਦੀ ਮੁਰੰਮਤ ਦੇ ਕੰਮ ਨੂੰ ਮੁੱਖ ਰਖਦਿਆਂ ਹੋਇਆਂ ਰੋਜ਼ਾਨਾ ਦੇ ਪ੍ਰੋਗਰਾਮ ਮੁਲਤਵੀ ਕੀਤੇ ਗਏ ਹਨ।
6. ਬੋਰੀਬੰਦਰ ਦੀ ਬਿਲਡਿੰਗ ਨੰ: 262 ਦੇ ਤਲ ਮੰਜ਼ਿਲ ਦੀ ਮੁਰੰਮਤ ਦਾ ਕੰਮ ਵੀ ਜਾਰੀ ਹੈ ।
7. ਏ.ਟੀ.ਸੀ. ਟਾਵਰ ਟੈਲੀਕਾਮ ਇੰਨਫਰਾਸਟਰਕਚਰ ਪ੍ਰਾਈਵੇਟ ਲਿਮੀਟੇਡ ਵੱਲੋਂ ਬਿਲਡਿੰਗ ਨੰ: 264 ਬੋਰੀਬੰਦਰ ਦੀ ਟੈਰਿਸ 'ਤੇ ਟਾਵਰ ਲਗਾਇਆ ਗਿਆ ਹੈ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪੰਤ ਨਗਰ - ਘਾਟਕੋਪਰ



ਸੰਨ 2008 ਵਿੱਚ ਸਭਾ ਦੇ ਪ੍ਰਬੰਧ ਹੇਠ ਆਏ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪੰਤ ਨਗਰ-ਘਾਟਕੋਪਰ (ਈਸਟ) ਵਿਖੇ ਰੋਜ਼ਾਨਾ ਸਵੇਰੇ-ਸ਼ਾਮ ਨਿੱਤਨੇਮ, ਕੀਰਤਨ ਦੇ ਪ੍ਰਵਾਹ ਚਲਦੇ ਹਨ। ਹਰ ਮਹੀਨੇ ਦੇ ਦੂਸਰੇ ਐਤਵਾਰ ਨੂੰ ਸ਼ਾਮ ਦੇ ਸਮੇਂ ਵਿਸ਼ੇਸ਼ ਪ੍ਰੋਗਰਾਮ ਹੁੰਦਾ ਹੈ, ਜਿਸ ਵਿੱਚ ਇਲਾਕੇ ਦੀਆਂ ਸੰਗਤਾਂ ਕੀਰਤਨ, ਕਥਾ ਦਾ ਲਾਹਾ ਲੈਂਦੀਆਂ ਹਨ। ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ। ਲੰਗਰ ਦੇ ਪ੍ਰਬੰਧ ਦੀ ਸੇਵਾ ਬੀਬੀ ਜਗਜੀਤ ਕੌਰ ਧਰਮ ਪਤਨੀ ਸਵਰਗਵਾਸੀ ਸ੍ਰ. ਰਜਿੰਦਰ ਸਿੰਘ ਜੀ ਮਲਹੋਤਰਾ ਨਿਭਾਉਂਦੇ ਹਨ।

ਇਸੇ ਸਥਾਨ 'ਤੇ ਭਗਤ ਨਾਮਦੇਵ ਨਿਵਾਸ ਅਤੇ ਗੋਬਿੰਦ ਨਿਵਾਸ ਦੇ ਨਾਮ ਹੇਠ ਦੋ ਬਿਲਡਿੰਗਾਂ ਸਥਿਤ ਹਨ, ਜਿਨ੍ਹਾਂ ਵਿੱਚ ਕੁਲ 42 ਕਮਰਿਆਂ ਵਿੱਚੋਂ 37 ਕਮਰੇ ਕੈਂਸਰ ਮਰੀਜ਼ਾਂ ਨੂੰ ਬਹੁਤ ਹੀ ਵਾਜਵੀ ਦਰਾਂ 'ਤੇ ਰਿਹਾਇਸ਼ ਲਈ ਦਿੱਤੇ ਜਾਂਦੇ ਹਨ। 1 ਜਨਵਰੀ 2018 ਤੋਂ 31 ਦਸੰਬਰ 2021 ਤੱਕ ਕੁਲ 15010 ਮੁਸਾਫ਼ਿਰਾਂ ਨੇ ਖ਼ਾਸ ਕਰਕੇ ਕੈਂਸਰ ਮਰੀਜ਼ਾਂ ਨੇ ਇਸਦਾ ਲਾਭ ਲਿਆ ਅਤੇ ਰਹਿ ਰਹੇ ਮੁਸਾਫ਼ਿਰਾਂ ਲਈ ਦੋਵੇਂ ਸਮੇਂ ਚਾਹ, ਬਿਸਕੁਟ ਅਤੇ ਗੁਰੂ ਕੇ ਲੰਗਰ ਅਤੁੱਟ ਵਰਤਦੇ ਹਨ। ਡਾਕਟਰ ਦੀ ਸਲਾਹ ਮੁਤਾਬਿਕ ਮਰੀਜ਼ਾਂ ਨੂੰ ਖਾਣਾ ਬਨਾਉਣ ਲਈ ਸਭਾ ਵੱਲੋਂ ਵਿਸ਼ੇਸ਼ ਪੈਂਟਰੀ ਦਾ ਪ੍ਰਬੰਧ ਕੀਤਾ ਹੋਇਆ ਹੈ।

ਗੁਰਦੁਆਰਾ ਸਾਹਿਬ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਹੋਇਆਂ ਗੁਰਦੁਆਰਾ ਸਾਹਿਬ ਪ੍ਰਿਮਾਇਸੇਸ ਵਿੱਚ 16 ਸੀ.ਸੀ.ਟੀ.ਵੀ. ਕੈਮਰੇ ਲਗਾਏ ਹੋਏ ਹਨ। ਇਕ ਲੈਂਡਲਾਈਨ ਟੈਲੀਫੋਨ ਲਗਾ ਦਿੱਤਾ ਗਿਆ ਹੈ, ਜਿਸ 'ਤੇ ਬਰਾਡਬੈਂਡ ਨੈੱਟ ਦੀ ਸੁਵਿਧਾ ਵੀ ਹੈ। ਜਲਦੀ ਹੀ ਸਾਰੇ ਕੈਮਰਿਆਂ ਨੂੰ ਆਨਲਾਈਨ ਦੇਖਣ ਦੀ ਸੁਵਿਧਾ ਕਰ ਦਿੱਤੀ ਜਾਵੇਗੀ।

ਮੁੰਬਈ ਵਿਖੇ ਮਰੀਜ਼ਾਂ ਦੀ ਵੱਧ ਰਹੀ ਤਾਦਾਦ ਨੂੰ ਦੇਖਦਿਆਂ ਹੋਇਆਂ ਸਭਾ ਨੇ ਗੁਰਦੁਆਰਾ ਸਾਹਿਬ ਪੰਤ ਨਗਰ ਵਿਖੇ 16 AC ਕਮਰਿਆਂ ਦੀ ਉਸਾਰੀ ਦਾ ਕੰਮ ਆਰੰਭ ਕੀਤਾ ਹੋਇਆ ਹੈ, ਜਿਨ੍ਹਾਂ ਦੀ ਉਸਾਰੀ ਲਗਭਗ ਪੂਰੀ ਹੋ ਗਈ ਹੈ ਤੇ ਬਹੁਤ ਜਲਦੀ ਇੰਟੀਰੀਅਰ ਅਤੇ ਬਾਕੀ ਰਹਿੰਦਾ ਕੰਮ ਵੀ ਪੂਰਾ ਕਰ ਲਿਆ ਜਾਵੇਗਾ। ਇਸ ਇਮਾਰਤ ਦੀ ਉਸਾਰੀ ਵਿੱਚ ਕਈ ਪ੍ਰਵਾਰਾਂ ਨੇ ਪੂਰੇ-ਪੂਰੇ ਕਮਰੇ ਦੀ ਭੇਟਾ ਆਪਣੇ ਦਸਵੰਧ ਵੱਜੋਂ ਦਿੱਤੀ ਹੈ।




ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪੰਤ ਨਗਰ
ਘਾਟਕੋਪਰ (ਈਸਟ)

ਗੁਰਦੁਆਰਾ ਸਾਹਿਬ ਪੰਤ ਨਗਰ ਦੇ
ਲੰਗਰ ਹਾਲ ਵਿੱਚ
ਸੰਗਤਾਂ ਲੰਗਰ ਛੱਕਦੀਆਂ ਹੋਈਆਂ।






ਗੁਰਦੁਆਰਾ ਸਾਹਿਬ ਪੰਤ ਨਗਰ ਦੇ
ਲੰਗਰ ਹਾਲ ਵਿੱਚ ਕੈਂਸਰ ਮਰੀਜ਼ਾਂ ਲਈ
ਪੈਂਟਰੀ ਦੀ ਵਿਸ਼ੇਸ਼ ਸੁਵਿਧਾ।

# ਗੁਰਦੁਆਰਾ ਸਾਹਿਬ ਆਗਰੀਪਾੜਾ, ਸੱਤ ਰਸਤਾ



ਗੁਰਦੁਆਰਾ ਸਾਹਿਬ ਆਗਰੀਪਾੜਾ, ਸੱਤ ਰਸਤਾ ਦੀ ਬਿਲਡਿੰਗ 'ਤੇ ਝੂਲਦਾ ਨਿਸ਼ਾਨ ਸਾਹਿਬ।



ਗੁਰਦੁਆਰਾ ਸਾਹਿਬ ਆਗਰੀਪਾੜਾ, ਸੱਤ ਰਸਤਾ ਦੇ ਦਰਬਾਰ ਹਾਲ ਵਿੱਚ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਮੁੰਬਈ ਦੇ ਆਗਰੀਪਾੜਾ, ਸੱਤ ਰਸਤਾ ਇਲਾਕੇ ਵਿੱਚ ਸਥਿਤ ਰਾਮ ਨਿਵਾਸ ਬਿਲਡਿੰਗ, ਜਿੱਥੇ ਹੁਣ ਨਵੀਂ ਇਮਾਰਤ ਯਾਸਮੀਨ ਟਾਵਰ ਦੇ ਨਾਮ 'ਤੇ ਬਣੀ ਹੈ, ਉਸ ਬਿਲਡਿੰਗ ਦੀ ਚੌਥੀ ਮੰਜ਼ਿਲ 'ਤੇ 1500 ਸੁਕੇਯਰ ਫੁਟ ਦਾ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। 2019 ਵਿੱਚ ਉਸ ਦੇ ਨਾਲ ਲਗਦਾ 190 ਸੁਕੇਯਰ ਫੁਟ ਦਾ ਇਕ ਕਮਰਾ ਵੀ ਮੁੱਲ ਖ਼ਰੀਦ ਲਿਆ ਸੀ। ਪੁਰਾਣੇ ਸਮੇਂ ਇਸ ਇਲਾਕੇ ਵਿੱਚ ਸਿੱਖ ਪਰਿਵਾਰਾਂ ਦਾ ਬਹੁਤ ਤਾਦਾਦ ਵਿੱਚ ਵਸੇਵਾ ਸੀ। ਹੁਣ ਕੁਝ ਇਕ ਗਿਣਤੀ ਦੇ ਪਰਿਵਾਰ ਹੀ ਉੱਥੇ ਵੱਸਦੇ ਹਨ। 2017 ਵਿੱਚ ਉੱਥੋਂ ਦੀ ਕਮੇਟੀ ਨੇ ਇਹ ਮਤਾ ਪਾਸ ਕਰਕੇ ਇਸ ਗੁਰਦੁਆਰਾ ਸਾਹਿਬ ਦਾ ਸਮੁੱਚਾ ਪ੍ਰਬੰਧ ਕੇਂਦਰੀ ਸੰਸਥਾ ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ – ਦਾਦਰ ਨੂੰ ਸੌਂਪ ਦਿੱਤਾ ਸੀ। ਮਹੀਨੇ ਵਿੱਚ ਇਕ ਵਾਰ ਵਿਸ਼ੇਸ਼ ਦੀਵਾਨ ਸਜਾਏ ਜਾਂਦੇ ਹਨ ਅਤੇ ਗੁਰੂ ਕਾ ਲੰਗਰ ਵਰਤਾਇਆ ਜਾਂਦਾ ਹੈ।

v v v v v v v v v v

# ਮੁਸਾਫ਼ਰਖ਼ਾਨਾ - ਗੁਰਦੁਆਰਾ ਸਾਹਿਬ ਦਾਦਰ





ਦੇਸ਼ਾਂ ਵਿਦੇਸ਼ਾਂ ਤੋਂ ਮੁੰਬਈ ਵਿਖੇ ਆਉਣ ਵਾਲੇ ਮੁਸਾਫ਼ਰਾਂ ਦੇ ਠਹਿਰਣ ਲਈ ਗੁਰਦੁਆਰਾ ਸਾਹਿਬ ਦਾਦਰ ਵਿਖੇ ਆਰਜ਼ੀ ਰਿਹਾਇਸ਼ ਦਾ ਪ੍ਰਬੰਧ ਹੈ। ਇਥੇ ਬ਼ਗੈਰ ਕਿਸੇ ਵਿਤਕਰੇ ਤੋਂ ਹਰੇਕ ਆਉਣ ਵਾਲੇ ਵਿਅਕਤੀ ਨੂੰ ਰਿਹਾਇਸ਼ ਦਿੱਤੀ ਜਾਂਦੀ ਹੈ।

ਮੁਸਾਫ਼ਰਖ਼ਾਨੇ ਵਿੱਚ ਦੋ ਵੱਡੇ ਹਾਲ ਹਨ, ਜਿਨ੍ਹਾਂ ਵਿੱਚੋਂ ਇਕ ਹਾਲ ਸਿਰਫ਼ ਕੈਂਸਰ ਦੇ ਮਰੀਜ਼ਾਂ ਲਈ ਰਾਖਵਾਂ ਹੈ ਅਤੇ ਦੂਸਰਾ ਹਾਲ ਆਮ ਮੁਸਾਫ਼ਰਾਂ ਲਈ ਰਾਖਵਾਂ ਹੈ। ਇਨ੍ਹਾਂ ਦੋਨਾਂ ਹਾਲਾਂ ਦੇ ਵਿੱਚ 105 ਸਿੰਗਲ ਅਤੇ ਬੰਕਰ ਬੈੱਡ ਦੇ ਨਾਲ-ਨਾਲ ਸਮਾਨ ਰੱਖਣ ਲਈ ਵੀ 130 ਸਟੀਲ ਲਾਕਰਾਂ ਦਾ ਪ੍ਰਬੰਧ ਹੈ। ਇਸ ਤੋਂ ਇਲਾਵਾ ਇੱਥੇ 36 ਕਮਰੇ ਹਨ, 15 ਕਮਰਿਆਂ ਵਿੱਚ ਅਟੈਚ ਬਾਥਰੂਮ ਦੀ ਸੁਵਿਧਾ ਹੈ, ਜਿਨ੍ਹਾਂ ਵਿਚੋਂ 11 ਕਮਰੇ ਏ.ਸੀ. ਹਨ। ਆਮ ਸੰਗਤ/ਮੁਸਾਫ਼ਰਾਂ ਲਈ ਚਲ ਰਹੇ ਲੰਗਰ ਤੋਂ ਇਲਾਵਾ ਮਰੀਜ਼ਾਂ ਲਈ ਇੱਕ ਵੱਖਰੇ ਕਿਚਨ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਵਿੱਚ ਮਰੀਜ਼ ਡਾਕਟਰ ਦੀ ਸਲਾਹ ਅਨੁਸਾਰ ਆਪਣਾ ਖਾਣਾ ਆਪ ਤਿਆਰ ਕਰ ਸਕਦੇ ਹਨ।

ਸਾਲ ਅਪ੍ਰੈਲ, 2018 ਤੋਂ ਦਸੰਬਰ, 2021 ਤੱਕ ਹੇਠ ਲਿਖੇ ਅਨੁਸਾਰ ਯਾਤਰੂਆਂ ਨੂੰ ਰਿਹਾਇਸ਼ ਦਿੱਤੀ ਗਈ:-

ਸਾਲ ਅਪ੍ਰੈਲ, 2018 ਤੋਂ ਦਸੰਬਰ, 2021 ਤੱਕ ਕੈਂਸਰ ਦੇ ਮਰੀਜ਼, ਉਹਨਾਂ ਦੇ ਸਹਾਇਕ, ਵਿਦਿਆਰਥੀ ਜਾਂ ਹੋਰ ਕੰਮਾਂ ਲਈ ਆਏ ਯਾਤਰੂਆਂ ਦੀ ਕੁੱਲ ਗਿਣਤੀ 71557 ਸੀ।

ਸਾਲ ਅਪ੍ਰੈਲ, 2018 ਤੋਂ ਦਸੰਬਰ, 2021 ਤੱਕ ਯਾਤਰੂਆਂ ਦੇ ਜੱਥਿਆਂ / ਸੰਗਤਾਂ ਨੂੰ ਤੀਸਰੀ ਮੰਜ਼ਿਲ 'ਤੇ ਸਥਿਤ ਸੈਮੀਨਾਰ ਹਾਲ ਦੇ ਨਾਲ ਲਗਦੀ ਪੈਂਟਰੀ 140 ਵਾਰ ਦਿੱਤੀ ਗਈ।

ਸਰਕਾਰੀ ਹਿਦਾਇਤਾਂ ਦੀ ਪਾਲਣਾ ਕਰਦੇ ਹੋਏ ਮਾਰਚ 2020 ਤੋਂ ਕੋਵਿਡ ਮਹਾਂਮਾਰੀ ਕਾਰਣ ਲਗੇ ਲੌਕਡਾਊਨ ਦੌਰਾਨ ਪਹੁੰਚੇ ਮਰੀਜ਼ਾਂ ਲਈ ਇਹ ਸੇਵਾ ਸਭਾ ਵੱਲੋਂ ਨਿਰੰਤਰ ਜਾਰੀ ਰੱਖੀ ਗਈ।

ਸਮੇਂ ਦੀ ਮੰਗ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਰੇ ਕਮਰਿਆਂ ਦਾ ਆਧੁਨਿਕੀਕਰਣ ਕੀਤਾ ਜਾ ਰਿਹਾ ਹੈ।



ਗੁਰਦੁਆਰਾ ਸਾਹਿਬ ਦਾਦਰ ਵਿਖੇ ਕੈਂਸਰ ਮਰੀਜ਼ਾਂ ਲਈ ਵੱਖਰੀ ਪੈਂਟਰੀ ਦਾ ਨਵੀਨੀਕਰਣ ਕੀਤਾ ਗਿਆ।

# ਮੋਦੀਖ਼ਾਨਾ





ਸਾਫ਼ ਸਫ਼ਾਈ ਦਾ ਧਿਆਨ ਰਖਦੇ ਹੋਏ ਮੋਦੀਖ਼ਾਨੇ ਵਿੱਚ ਟਾਈਲਾਂ ਲਗਾਈਆਂ ਗਈਆਂ।
ਫੋਲਡਿੰਗ ਰੈਕ ਅਤੇ ਰਾਸ਼ਨ ਸਟੋਰ ਲਈ ਨਵੇਂ ਕੰਨਟੇਨਰ ਖ਼ਰੀਦੇ ਗਏ।

# ਬਰਤਨ ਸਟੋਰ





ਗੁਰਦੁਆਰਾ ਸਾਹਿਬ ਦਾਦਰ ਵੱਲੋਂ ਮਨਾਏ ਜਾਣ ਵਾਲੇ ਗੁਰਪੁਰਬਾਂ ਸਮੇਂ ਅਤੇ ਹੋਰ ਧਰਮਾਂ ਵੱਲੋਂ ਲਿਜਾਏ ਜਾਂਦੇ ਤਲ ਮੰਜ਼ਿਲ 'ਤੇ ਸਥਿਤ ਬਰਤਨਾਂ ਦਾ ਸਟੋਰ।



# ਲੰਗਰ ਘਰ ਦੀ ਰਸੋਈ ਦਾ ਆਧੁਨਿਕੀਕਰਣ

ਲੋੜਾਂ ਨੂੰ ਮੁੱਖ ਰੱਖਦਿਆਂ ਅਤੇ ਸਮੇਂ ਦੇ ਨਾਲ ਚਲਦਿਆਂ ਸਿੰਘ ਸਭਾ ਦਾਦਰ ਨੇ ਲੰਗਰ ਘਰ ਦਾ ਨਵੀਨੀਕਰਣ ਕੀਤਾ, ਜਿਸ ਵਿੱਚ ਚੁੱਲ੍ਹੇ, ਭੱਠੀਆਂ, ਆਟਾ ਗੁੰਨਣ, ਪ੍ਰਸ਼ਾਦੇ ਪਕਾਉਣ, ਮਸਾਲੇ ਆਦਿ ਪੀਸਣ ਦੀਆਂ ਆਧੁਨਿਕ ਮਸ਼ੀਨਾਂ ਸਥਾਪਿਤ ਕੀਤੀਆਂ ਗਈਆਂ। ਲੰਗਰ ਹਾਲ ਵਿੱਚ ਨਵਾਂ ਵਾਟਰ ਕੂਲਰ ਵੀ ਲਗਾਇਆ ਗਿਆ। ਇਸ ਤੋਂ ਇਲਾਵਾ ਰੋਜ਼ਾਨਾ ਦੇ ਲੰਗਰ ਲਈ ਸਟੀਲ ਦੇ ਪਤੀਲੇ ਅਤੇ ਹੋਰ ਬਰਤਨ, ਸਟੀਲ ਦੀਆਂ ਅਲਮਾਰੀਆਂ, ਵਰਕਿੰਗ ਟੇਬਲ, ਵਾਸ਼ਿੰਗ ਸਿੰਕ, ਵਾਸ਼ ਬੇਸਿਨ ਆਦਿ ਨਾਲ ਲੰਗਰ ਘਰ ਦਾ ਆਧੁਨਿਕੀਕਰਣ ਕੀਤਾ ਗਿਆ।








# ਗੁਰੂ ਗੋਬਿੰਦ ਸਿੰਘ ਲਾਇਬ੍ਰੇਰੀ

ਗੁਰੂ ਗੋਬਿੰਦ ਸਿੰਘ ਲਾਇਬ੍ਰੇਰੀ, ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਪਹਿਲੀ ਮੰਜ਼ਿਲ 'ਤੇ ਸਥਿਤ ਹੈ। ਇਸ ਲਾਇਬ੍ਰੇਰੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਕਿਤਾਬਾਂ ਵੱਖ-ਵੱਖ ਭਾਸ਼ਾਵਾਂ ਵਿੱਚ ਹਨ। ਸਿੱਖ ਇਤਿਹਾਸ, ਗੁਰਮਤਿ, ਗੁਰਬਾਣੀ ਸਬੰਧਿਤ ਅਤੇ ਉੱਚ ਕੋਟੀ ਦੇ ਉੱਘੇ ਲਿਖਾਰੀਆਂ ਦੀਆਂ ਰਚਨਾਵਾਂ ਪੜ੍ਹਨ ਲਈ ਮੌਜੂਦ ਹਨ। ਸਭਾ ਲਾਇਬ੍ਰੇਰੀ ਦੇ ਇਕ ਉੱਚ ਪੱਧਰੀ ਪ੍ਰੋਜੈਕਟ 'ਤੇ ਕੰਮ ਕਰ ਚੁੱਕੀ ਹੈ। ਇਸ ਪ੍ਰੋਜੈਕਟ ਤਹਿਤ ਲਾਇਬ੍ਰੇਰੀ ਦੀਆਂ 1165 ਬਹੁ-ਮੁੱਲੀਆਂ ਕਿਤਾਬਾਂ, ਸਾਰੀਆਂ ਇਤਿਹਾਸਕ ਕਿਤਾਬਾਂ ਅਤੇ ਧਾਰਮਿਕ ਗ੍ਰੰਥਾਂ ਨੂੰ ਸਕੈਨ ਕਰਕੇ ਸਮੁੱਚੀ ਗੁਰੂ ਗੋਬਿੰਦ ਸਿੰਘ ਲਾਇਬ੍ਰੇਰੀ "ਡਿਜੀਟਲ ਲਾਇਬ੍ਰੇਰੀ" ਬਣ ਚੁੱਕੀ ਹੈ।

### ਬੁੱਕ ਬੈਂਕ - ਅਕੈਡਮਿਕ ਬੁੱਕਸ :

ਇਸੇ ਲਾਇਬ੍ਰੇਰੀ ਦਾ ਵਿਸਥਾਰ ਕਰਦਿਆਂ ਇਸ ਵਿੱਚ ਇਕ ਬੁੱਕ ਬੈਂਕ ਦੀ ਸਥਾਪਨਾ ਕੀਤੀ ਗਈ ਹੈ। ਜਿਸ ਵਿੱਚ ਦਸਵੀਂ ਜਮਾਤ ਤੋਂ ਉੱਚ ਵਿਦਿਆ ਸਮੇਤ ਐਂਟਰੈਂਸ ਪ੍ਰੀਖਿਆਵਾਂ ਲਈ ਜਨਰਲ ਅਤੇ ਦੁਰਲੱਭ ਪੁਸਤਕਾਂ ਮੌਜੂਦ ਹਨ। ਵਿਦਿਆਰਥੀ ਇਸ ਲਾਇਬ੍ਰੇਰੀ ਤੋਂ ਸਾਰਾ ਸਾਲ ਪੜ੍ਹਨ ਲਈ ਕਿਤਾਬਾਂ ਲੈ ਜਾਂਦੇ ਹਨ ਅਤੇ ਸਾਲ ਖ਼ਤਮ ਹੋਣ 'ਤੇ ਮੋੜ ਜਾਂਦੇ ਹਨ। ਇਹ ਸੇਵਾ ਬਿਲਕੁਲ ਨਿਸ਼ੁਲਕ ਹੈ। ਇਸ ਬੁੱਕ ਬੈਂਕ ਵਿੱਚ ਵਿਦਿਆਰਥੀ ਆਪਣੀਆਂ ਪੁਰਾਣੀਆਂ ਕਿਤਾਬਾਂ ਜਮ੍ਹਾਂ ਵੀ ਕਰਵਾ ਸਕਦੇ ਹਨ। ਇਸ ਬੁੱਕ ਬੈਂਕ ਨੂੰ ਸਥਾਪਿਤ ਕਰਨ ਵਿੱਚ ਸੇਵਕ ਜੱਥਾ ਦਾਦਰ ਦੇ ਨੌਜਵਾਨ ਬੱਚੇ-ਬੱਚੀਆਂ ਦਾ ਅਹਿਮ ਰੋਲ ਰਿਹਾ।









ਰੈਨੋਵੇਸ਼ਨ ਉਪਰੰਤ ਸਭਾ ਦੇ ਪ੍ਰਧਾਨ ਸ੍ਰ: ਰਘਬੀਰ ਸਿੰਘ ਗਿੱਲ ਲਾਇਬ੍ਰੇਰੀ ਦਾ ਉਦਘਾਟਨ ਕਰਦੇ ਹੋਏ।
ਇਸ ਮੌਕੇ 'ਤੇ ਪਤਿਵੰਤੇ ਸੱਜਣ ਬਹੁ-ਮੁੱਲੀਆਂ ਕਿਤਾਬਾਂ ਨੂੰ ਦੇਖਦੇ ਹੋਏ।

# ਗੁਰਪੁਰਬ, ਧਰਮ ਪ੍ਰਚਾਰ ਅਤੇ ਅੰਮ੍ਰਿਤ ਸੰਚਾਰ

## ਗੁਰਪੁਰਬ ਦਿਹਾੜੇ :

ਸਿੰਘ ਸਭਾ ਦਾਦਰ ਦੇ ਪ੍ਰਬੰਧ ਹੇਠ ਗੁਰੂ ਨਾਨਕ ਸਾਹਿਬ ਜੀ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਖ਼ਾਲਸਾ ਸਾਜਨਾ ਦਿਵਸ (ਵਿਸਾਖੀ ਪੁਰਬ) ਵੱਡੇ ਪੱਧਰ 'ਤੇ ਸ੍ਰੀ ਦੀਵਾਨਚੰਦ ਰਾਮਸਰਨ ਕੰਪਾਉਂਡ, ਮਾਹੁਲ-ਚੈਂਬੂਰ ਮੁੰਬਈ-74 (ਨਜ਼ਦੀਕ ਭਗਤੀ ਪਾਰਕ, ਵਡਾਲਾ, ਫਰੀਵੇ) ਵਿਖੇ ਮਨਾਏ ਗਏ। ਇਸੇ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਦਰਬਾਰ ਹਾਲ ਗੁਰਦੁਆਰਾ ਸਾਹਿਬ ਦਾਦਰ ਵਿਖੇ ਮਨਾਏ ਗਏ। ਇਹਨਾਂ ਪ੍ਰੋਗਰਾਮਾਂ ਵਿੱਚ ਪੰਥ ਦੇ ਉੱਚ ਕੋਟੀ ਦੇ ਕੀਰਤਨੀ ਜੱਥੇ, ਪ੍ਰਚਾਰਕ, ਢਾਡੀ ਜੱਥੇ ਅਤੇ ਕਵੀਆਂ ਨੂੰ ਬੁਲਾਇਆ ਗਿਆ।



## ਨਗਰ ਕੀਰਤਨ :

ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਮੇਂ ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ, ਗੁਰੂ ਤੇਗ਼ ਬਹਾਦੁਰ ਨਗਰ ਮੁੰਬਈ ਤੋਂ ਚਲ ਕੇ ਸ੍ਰੀ ਰਾਮਸਰਨ ਦੀਵਾਨਚੰਦ ਕੰਪਾਉਂਡ, ਭਗਤੀ ਪਾਰਕ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਸਮੇਂ ਗੁਰਦੁਆਰਾ ਸਾਹਿਬ ਖ਼ਾਲਸਾ ਸਭਾ ਮਾਟੂੰਗਾ ਤੋਂ ਚਲ ਕੇ ਗੁਰਦੁਆਰਾ ਸਾਹਿਬ ਦਾਦਰ ਤਕ ਨਗਰ ਕੀਰਤਨ ਸਜਾਏ ਗਏ। ਇਹਨਾਂ ਮੌਕਿਆਂ 'ਤੇ ਗੁਰੂ ਨਾਨਕ ਵਿਦਿਅਕ ਸੋਸਾਇਟੀ ਦੇ ਵੱਖ-ਵੱਖ ਸਕੂਲਾਂ ਅਤੇ ਹੋਰ ਸਿੱਖ ਅਦਾਰਿਆਂ ਵਲੋਂ ਚਲਾਏ ਜਾਂਦੇ ਸਕੂਲਾਂ ਦੇ ਬੱਚੇ, ਸਟਾਫ਼ ਅਤੇ ਸਕੂਲੀ ਬੈਂਡ ਤੋਂ ਇਲਾਵਾ ਵੱਖ-ਵੱਖ ਇਲਾਕਿਆਂ ਦੀ ਸੰਗਤਾਂ ਨੇ ਸ਼ਾਮਿਲ ਹੋ ਕੇ ਸ਼ੋਭਾ ਵਧਾਈ।



## ਗੁਰੂ ਕਾ ਲੰਗਰ :

ਇਹਨਾਂ ਸਮਾਗਮਾਂ ਦੌਰਾਨ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਕੇ ਲੰਗਰ ਸਜਦੇ ਹਨ ਅਤੇ ਇਹਨਾਂ ਨੂੰ ਤਿਆਰ ਕਰਨ ਦੀ ਸੇਵਾ ਸ੍ਰੀ ਗੁਰੂ ਨਾਨਕ ਸੇਵਕ ਜੱਥਾ ਗੋਰੇਗਾਂਓ, ਸੇਵਕ ਜੱਥਾ ਦਾਦਰ ਨੇ ਨਿਭਾਈ। ਲੰਗਰ ਵਰਤਾਉਣ ਅਤੇ ਜੋੜੇ ਸੰਭਾਲਣ ਦੀ ਸੇਵਾ, ਸੇਵਕ ਜੱਥਾ ਬੰਬਈ, ਪੰਥਕ ਸੇਵਕ ਜੱਥਾ-ਮਾਟੁੰਗਾ ਨੇ ਵੱਖ-ਵੱਖ ਗੁਰਪੁਰਬਾਂ 'ਤੇ ਵਾਰੋ ਵਾਰੀ ਨਿਭਾਈ। ਇਸੇ ਤਰ੍ਹਾਂ ਬੀਰ ਖ਼ਾਲਸਾ ਦਲ ਸੇਵਕ ਜੱਥਾ, ਬਾਬਾ ਠਾਕਰ ਸਿੰਘ ਸੇਵਕ ਜੱਥਾ, ਸੇਵਕ ਜੱਥਾ ਮਲਾਡ, ਸਤਨਾਮ ਸੇਵਕ ਜੱਥਾ ਅਤੇ ਸੰਗਤ ਨੇ ਵੀ ਲੰਗਰ ਵਰਤਾਉਣ ਵਿੱਚ ਆਪਣਾ ਯੋਗਦਾਨ ਪਾਇਆ। ਗੁਰਪਰਬਾਂ ਸਮੇਂ ਮੁੰਬਈ ਅਤੇ ਨਾਲ ਲਗਦੇ ਇਲਾਕਿਆਂ ਦੇ ਗੁਰਦੁਆਰਾ ਸਾਹਿਬਾਨਾਂ ਨੂੰ ਆਟਾ ਅਤੇ ਘਿਓ ਭੇਜਿਆ ਜਾਂਦਾ ਹੈ, ਜਿਸ ਤੋਂ ਪ੍ਰਸ਼ਾਦੇ ਤਿਆਰ ਕਰਕੇ ਪੰਡਾਲ ਗਰਾਉਂਡ ਵਿਖੇ ਲਿਆਏ ਜਾਂਦੇ ਹਨ, ਆਟਾ ਵੰਡਣ ਅਤੇ ਪ੍ਰਸ਼ਾਦੇ ਲਿਆਣ ਦੀ ਸੇਵਾ ਸਭਾ ਦਾ ਸਟਾਫ਼ ਨਿਭਾਉਂਦਾ ਹੈ।

## ਅੰਮ੍ਰਿਤ ਸੰਚਾਰ :

ਇਹਨਾਂ ਗੁਰਪੁਰਬਾਂ ਸਮੇਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਸਭਾ (ਰਜਿ.), ਚੂਨਾਭੱਟੀ, ਮੁੰਬਈ ਵਿਖੇ ਅੰਮ੍ਰਿਤ ਸੰਚਾਰ ਕੀਤੇ ਗਏ। ਪਿਛਲੇ ਤਿੰਨ ਗੁਰਪੁਰਬਾਂ ਵਿੱਚ 122 ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ।

## ਹੋਰ ਗਤੀਵਿਧੀਆਂ :

ਇਹਨਾਂ ਸਮਾਗਮਾਂ ਦੌਰਾਨ ਸ੍ਰੀ ਗੁਰੂ ਸਿੰਘ ਸਭਾ ਮੁੰਬਈ ਦੇ ਪ੍ਰਬੰਧ ਹੇਠ ਬਾਬਾ ਜੀਵਨ ਸਿੰਘ ਡਿਸਪੈਂਸਰੀ, ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ, ਗੁਰੂ ਤੇਗ਼ ਬਹਾਦੁਰ ਨਗਰ ਅਤੇ ਚੂਨਾਭੱਟੀ ਦੀ ਸੰਗਤ ਦੇ ਸਹਿਯੋਗ ਨਾਲ ਬਲੱਡ ਡੋਨੇਸ਼ਨ, ਹੈਲਥ ਅਤੇ ਆਈ ਚੈਕ-ਅੱਪ ਕੈਂਪ ਲਗਾਏ ਗਏ।

## ਕਿਡਜ਼ ਜ਼ੋਨ :

ਪੰਡਾਲ ਗਰਾਉਂਡ ਵਡਾਲਾ ਵਿਖੇ 4 ਸਾਲ ਤੋਂ 14 ਸਾਲ ਦੇ ਬੱਚਿਆਂ ਵਾਸਤੇ ਇਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਉਲੀਕਿਆ ਗਿਆ ਜਿਸ ਵਿੱਚ ਬੱਚਿਆਂ ਨੂੰ ਵਾਤਾਵਰਣ, ਬਿਜਲੀ ਪਾਣੀ, ਦਰਖ਼ਤ ਅਤੇ ਧਰਤੀ ਬਚਾਉਣ ਦੇ ਵਿਸ਼ੇ 'ਤੇ ਡਰਾਇੰਗ ਕੰਪੀਟੀਸ਼ਨ ਕਰਵਾਏ ਗਏ ਅਤੇ ਬੂਟੇ ਵੰਡੇ ਗਏ।



# ਕੋਵਿਡ ਮਹਾਂਮਾਰੀ ਦੌਰਾਨ ਮਨਾਏ ਗਏ ਪੁਰਬ

ਹਮੇਸ਼ਾ ਪੰਡਾਲ ਵਿੱਚ ਮਨਾਏ ਜਾਣ ਵਾਲੇ ਪੁਰਬ ਕੋਵਿਡ-19 ਮਹਾਂਮਾਰੀ ਕਾਰਣ ਲੱਗੇ ਲਾਕਡਾਊਨ ਸਮੇਂ ਸਾਲ 2020 ਅਤੇ 2021 ਦੀ ਵਿਸਾਖੀ, ਗੁਰੂ ਨਾਨਕ ਸਾਹਿਬ ਜੀ ਦਾ 2020 ਵਿੱਚ ਆਇਆ ਪ੍ਰਕਾਸ਼ ਦਿਹਾੜਾ ਅਤੇ ਜਨਵਰੀ 2022 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸਾਹਿਬ ਦਾਦਰ ਵਿਖੇ ਮਨਾਏ ਗਏ। ਇਸੇ ਤਰ੍ਹਾਂ 2021 ਵਿੱਚ ਗੁਰੂ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਅਤੇ ਸਾਕਾ ਨਨਕਾਣਾ ਸਾਹਿਬ ਦੀ ਪਹਿਲੀ ਸ਼ਤਾਬਦੀ ਸਮਾਗਮ ਗੁਰਦੁਆਰਾ ਸਾਹਿਬ ਪੰਤ ਨਗਰ ਘਾਟਕੋਪਰ ਵਿਖੇ ਮਨਾਏ ਗਏ। ਇਹਨਾਂ ਪੁਰਬਾਂ 'ਤੇ ਉੱਚ ਕੋਟੀ ਦੇ ਕੀਰਤਨੀਏ, ਪ੍ਰਚਾਰਕ ਸੱਦੇ ਗਏ। ਇਹ ਸਾਰਾ ਪ੍ਰੋਗਰਾਮ ਸਿੰਘ ਸਭਾ ਦੇ ਫੇਸਬੁਕ ਅਤੇ ਯੂ-ਟਿਊਬ ਚੈਨਲ ਰਾਹੀਂ ਲਾਈਵ ਪ੍ਰਸਾਰਿਤ ਕੀਤਾ ਗਿਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ

ਸਭਾ ਵਲੋਂ ਹਾਜ਼ਰਾ ਹਜ਼ੂਰ ਨਾਮ ਬਾਣੀ ਦੇ ਬੋਹਿਥ ਜੁਗੋ ਜੁਗ ਅਟੱਲ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਹਰ ਸਾਲ ਪੂਰੀ ਸੱਜ-ਧੱਜ ਨਾਲ ਗੁਰਦੁਆਰਾ ਸਾਹਿਬ ਦਾਦਰ ਵਿਖੇ ਮਨਾਇਆ ਜਾਂਦਾ ਹੈ, ਜਿਸ ਵਿੱਚ ਪ੍ਰਚਾਰਕ, ਰਾਗੀ ਜੱਥੇ, ਗੁਰਬਾਣੀ ਵਿਚਾਰ ਤੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਹਨ।



v v v v v v v v v v

# ਸੰਗਤੀ ਸਹਿਜ ਪਾਠਾਂ ਜੀ ਦੀ ਸਮਾਪਤੀ ਅਤੇ ਆਰੰਭਤਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਾਵਨ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਪਿਛਲੇ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਆਰੰਭ ਕੀਤੇ ਸਹਿਜ ਪਾਠਾਂ ਦੀ ਸਮਾਪਤੀ ਅਤੇ ਅਗਲੇ ਸਾਲ ਲਈ ਸਹਿਜ ਪਾਠ ਦੀ ਆਰੰਭਤਾ ਸੰਗਤੀ ਰੂਪ ਵਿੱਚ ਗੁਰਦੁਆਰਾ ਸਾਹਿਬ ਦਾਦਰ ਦੇ ਦਰਬਾਰ ਹਾਲ ਵਿੱਚ ਐਤਵਾਰ 28 ਨਵੰਬਰ 2021 ਨੂੰ ਹੋਈ। ਗੁਰਬਾਣੀ ਡਾਊਨ ਲੋਡ ਸੇਵਾ ਦੇ ਯੂ-ਟਿਊਬ ਅਤੇ ਫੇਸਬੁਕ ਪੇਜ 'ਤੇ ਇਸ ਸਾਰੇ ਸਮਾਗਮ ਦੇ ਲਾਈਵ ਟੈਲੀਕਾਸਟ ਦਾ ਸਭਾ ਵੱਲੋਂ ਪ੍ਰਬੰਧ ਕੀਤਾ ਗਿਆ ਸੀ ਤਾਂਕਿ ਘਰ ਬੈਠੀਆਂ ਸੰਗਤਾਂ ਵੀ ਇਸਦਾ ਲਾਭ ਲੈ ਸਕਣ। ਸਿੰਘ ਸਭਾ ਦਾਦਰ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗਤੀ ਸਹਿਜ ਪਾਠਾਂ ਦੀ ਸ਼ੁਰੂਆਤ ਪਿਛਲੇ 4 ਸਾਲਾਂ ਤੋਂ ਜਾਰੀ ਹੈ। ਇਸ ਵਾਰ ਤਿੰਨ ਹਜ਼ਾਰ ਦੇ ਕਰੀਬ ਸੰਗਤਾਂ ਆਨਲਾਈਨ ਸਮਾਗਮ ਵਿੱਚ ਹਾਜ਼ਰ ਸਨ।

# ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ

ਇਸਤ੍ਰੀ ਸਤਿਸੰਗ ਦਾਦਰ ਵੱਲੋਂ ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ - ਦਾਦਰ ਦੇ ਸਹਿਯੋਗ ਨਾਲ ਸ੍ਰੀ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ 07 ਜੂਨ, 2019 ਸ਼ੁਕਰਵਾਰ ਨੂੰ ਮਨਾਇਆ ਗਿਆ। ਇਸ ਸਬੰਧ ਵਿੱਚ ਇਸਤ੍ਰੀ ਸਤਿਸੰਗ ਦਾਦਰ ਵੱਲੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸਮਾਪਤੀ ਉਪਰੰਤ ਵਿਸ਼ੇਸ਼ ਦੀਵਾਨ ਸਜੇ। ਗੁਰੂ ਕਾ ਲੰਗਰ ਅਤੇ ਛਬੀਲ ਸ਼ਾਮ 03.00 ਵਜੇ ਤੱਕ ਵਰਤਾਏ ਗਏ। ਸਾਲ 2020 ਅਤੇ 2021 ਕੋਵਿਡ ਮਹਾਂਮਾਰੀ ਦੇ ਚਲਦਿਆਂ ਉਕਤ ਗੁਰਪੁਰਬ ਸਮਾਗਮ ਗੁਰਦੁਆਰਾ ਸਾਹਿਬ ਦੇ ਦਰਬਾਰ ਹਾਲ ਵਿਖੇ ਹੀ ਮਨਾਏ ਗਏ।



# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਪੁਰਬ




ਸੇਵਕ ਜੱਥਾ ਦਾਦਰ ਵੱਲੋਂ ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ, ਸਮੂੰਹ ਸੇਵਕ ਜੱਥਿਆਂ ਅਤੇ ਸਥਾਨਕ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਪੁਰਬ ਗੁਰਦੁਆਰਾ ਸਾਹਿਬ ਦਾਦਰ ਦੇ ਵਿਸ਼ਾਲ ਦਰਬਾਰ ਹਾਲ ਵਿੱਚ 21 ਜੂਨ ਤੋਂ 23 ਜੂਨ 2019 ਤੱਕ ਬੜੀ ਸ਼ਰਧਾ ਸਹਿਤ ਅਤੇ ਸੱਜ-ਧੱਜ ਨਾਲ ਮਨਾਇਆ ਗਿਆ। ਜਿਸ ਵਿੱਚ ਜੱਥੇ ਦੇ ਨੌਜਵਾਨ ਬੱਚੇ-ਬੱਚੀਆਂ ਨੇ ਕੀਰਤਨ ਦੀ ਸੇਵਾ ਨਿਭਾਈ ਅਤੇ ਬਾਹਰੋਂ ਬੁਲਾਏ ਪ੍ਰਚਾਰਕ ਅਤੇ ਢਾਡੀ ਜੱਥਿਆਂ ਨੇ ਆਪਣੇ ਵਿਚਾਰਾਂ ਅਤੇ ਇਤਿਹਾਸ ਰਾਹੀਂ ਸੰਗਤਾਂ ਨੂੰ ਜਾਣੂ ਕਰਵਾਇਆ।

ਸਾਲ 2020 ਅਤੇ 2021 ਵਿੱਚ ਕੋਵਿਡ ਮਹਾਂਮਾਰੀ ਕਾਰਣ ਲੱਗੇ ਲਾਕਡਾਊਨ ਦੌਰਾਨ ਜੱਥੇ ਵੱਲੋਂ ਅਖੰਡ ਪਾਠ ਸਾਹਿਬ ਕਰਵਾਏ ਗਏ। 2021 ਵਿੱਚ ਇਸ ਪੁਰਬ ਨੂੰ ਮਨਾਉਂਦਿਆਂ ਜੱਥੇ ਦੇ ਮੈਂਬਰਾਂ ਅਤੇ ਨੌਜਵਾਨ ਬੱਚੇ-ਬੱਚੀਆਂ ਨੇ ਗੁਰਬਾਣੀ ਕੀਰਤਨ ਕੀਤਾ। ਸਮਾਗਮ ਦੇ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।



# ਇਸਤ੍ਰੀ ਸਤਿਸੰਗ ਦਾਦਰ ਨੇ ਬੰਦੀ - ਛੋੜ ਦਿਵਸ 'ਤੇ ਕੈਂਸਰ ਮਰੀਜ਼ਾਂ ਦੀ ਤੰਦਰੁਸਤੀ ਲਈ ਅਰਦਾਸ ਕੀਤੀ

ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਯਾਦ ਨਾਲ ਸਬੰਧਤ ਇਤਿਹਾਸਕ ਦਿਹਾੜਾ ਬੰਦੀ - ਛੋੜ ਦਿਵਸ ਨੂੰ ਸਮਰਪਿਤ ਇਕ ਸਮਾਗਮ ਇਸਤ੍ਰੀ ਸਤਿਸੰਗ ਦਾਦਰ ਵੱਲੋਂ ਸਿੰਘ ਸਭਾ ਦਾਦਰ ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ। ਜਿਸ ਵਿੱਚ ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦਾ ਪਾਠ, ਗੁਰਬਾਣੀ ਕੀਰਤਨ ਅਤੇ ਕੈਂਸਰ ਦੇ ਰੋਗੀਆਂ ਦੀ ਸਿਹਤਯਾਬੀ ਲਈ ਅਰਦਾਸ ਕੀਤੀ ਗਈ। ਸਿੰਘ ਸਭਾ ਦਾਦਰ ਦੀ ਬਿਲਡਿੰਗ ਵਿੱਚ ਹੀ ਚਲ ਰਹੇ ਗੁਰੂ ਨਾਨਕ ਸਕੂਲ ਦੇ ਕਮਰੇ ਵਿੱਚ ਮਰੀਜ਼ ਅਤੇ ਉਹਨਾਂ ਦੇ ਸਹਿਯੋਗੀਆਂ ਨਾਲ ਬੈਠਕ ਕੀਤੀ ਗਈ, ਜਿਸ ਵਿੱਚ ਸਕੱਤਰ ਸ੍ਰ. ਬਲਬੀਰ ਸਿੰਘ ਬਾਠ ਨੇ ਬੰਦੀ - ਛੋੜ ਦਿਵਸ ਦੇ ਇਤਿਹਾਸ ਨੂੰ ਸੰਖੇਪ ਵਿੱਚ ਬਿਆਨ ਕੀਤਾ ਅਤੇ ਹਾਜ਼ਰ ਸੰਗਤਾਂ ਨਾਲ ਵਿਚਾਰ ਵਟਾਂਦਰਾ ਕੀਤਾ। ਸਿੰਘ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਇੱਥੇ ਰਹਿਣ ਵਾਲੇ ਮਰੀਜ਼ਾਂ ਪਾਸ ਇੱਥੋਂ ਦੀ ਬੇਹਤਰੀ ਲਈ ਕੋਈ ਸੁਝਾਅ ਹੋਵੇ ਤਾਂ ਸਾਡੇ ਨਾਲ ਸਾਂਝਿਆ ਕਰਨ। ਉਨ੍ਹਾਂ ਨੇ ਮਰੀਜ਼ਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਤੇ ਸਹਿਯੋਗ ਦੇਣ ਦਾ ਵਾਅਦਾ ਕੀਤਾ।








ਇਸ ਮੌਕੇ 'ਤੇ ਇਸਤ੍ਰੀ ਸਤਿਸੰਗ ਵੱਲੋਂ 44 ਦੇ ਕਰੀਬ ਕੈਂਸਰ ਮਰੀਜ਼ਾਂ ਅਤੇ ਸਭਾ ਦੇ ਸਟਾਫ਼ ਮੈਂਬਰਾਂ ਨੂੰ ਡਰਾਈ ਫਰੂਟ, ਫਲਾਂ ਦੇ ਪੈਕੇਟ, ਤੌਲੀਏ ਅਤੇ ਸ਼ਾਲ ਦੇ ਪੈਕੇਟ ਭੇਂਟ ਕੀਤੇ ਗਏ। ਆਖ਼ਿਰ ਵਿੱਚ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਨਾਸ਼ਤਾ ਸਾਰਿਆਂ ਨੂੰ ਲੰਗਰ ਹਾਲ ਵਿੱਚ ਛਕਾਇਆ ਗਿਆ।

V V V V V V V V

# ਗੁਰਮਤਿ ਸੰਗੀਤ ਕਲਾਸਾਂ

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ – ਦਾਦਰ ਅਤੇ ਖ਼ਾਲਸਾ ਕਾਲਜ ਮਾਟੂੰਗਾ ਮੁੰਬਈ ਦੇ ਸਹਿਯੋਗ ਨਾਲ ਗੁਰਮਤਿ ਸੰਗੀਤ ਕਲਾਸਾਂ ਗੁਰੂ ਨਾਨਕ ਖ਼ਾਲਸਾ ਕਾਲਜ ਵਿਖੇ ਸ਼ੁਰੂ ਕੀਤੀਆਂ ਗਈਆਂ ਹਨ, ਜਿਸ ਵਿੱਚ ਕਾਲਜ ਦੇ ਵਿਦਿਆਰਥੀਆਂ ਨੂੰ ਤੰਤੀ ਸਾਜ਼ਾਂ ਅਤੇ ਹੋਰ ਗੁਰਮਤਿ ਨਾਲ ਸਬੰਧਿਤ ਸਾਜ਼ਾਂ ਨਾਲ ਕੀਰਤਨ ਸਿਖਾਇਆ ਜਾਂਦਾ ਹੈ। ਇਹ ਕਲਾਸਾਂ ਹਫ਼ਤੇ ਵਿੱਚ ਤਿੰਨ ਦਿਨ ਖ਼ਾਲਸਾ ਕਾਲਜ ਮੁੰਬਈ ਮਾਟੂੰਗਾ ਵਿਖੇ ਲਗਾਈਆਂ ਜਾਂਦੀਆਂ ਹਨ ਅਤੇ ਸਾਰਾ ਸਾਲ ਨਿਰੰਤਰ ਚਲਦੀਆਂ ਹਨ। ਇਹ ਸਾਰੀਆਂ ਕਲਾਸਾਂ ਬੀਬੀ ਕੁਲਦੀਪ ਕੌਰ (ਰਿਟਾਇਰਡ ਵਾਈਸ ਪ੍ਰਿੰਸੀਪਲ) ਦੀ ਦੇਖ-ਰੇਖ ਹੇਠ ਚਲਾਈਆਂ ਜਾ ਰਹੀਆਂ ਹਨ। ਮੁੰਬਈ ਵਿੱਚ ਵੱਖ-ਵੱਖ ਗੁਰਪੁਰਬਾਂ ਦੇ ਮੌਕੇ 'ਤੇ ਇਹ ਸਿਖਿਆਰਥੀ ਵੱਖ-ਵੱਖ ਸਟੇਜਾਂ 'ਤੇ ਗੁਰਮਤਿ ਪ੍ਰੋਗਰਾਮ ਵੀ ਕਰ ਰਹੇ ਹਨ, ਜਿਸ ਦੀ ਸੰਗਤਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾਂਦੀ ਹੈ।

V V V V V V V V

# "ਏਕ ਦੌੜ ਸਮਾਨਤਾ ਕੀ ਔਰ" ਮਿਸ਼ਨ ਤਹਿਤ ਇਕ ਮੈਰਾਥਨ ਆਯੋਜਿਤ

ਗੁਰੂ ਨਾਨਕ ਇੰਸਟੀਚਿਊਟ ਆਫ ਮੈਨਜਮੈਂਟ ਸਟੱਡੀਜ਼, ਮਾਟੂੰਗਾ ਈਸਟ ਵੱਲੋਂ 03 ਮਾਰਚ, 2019 ਨੂੰ LGBTQ ਕਮਿਊਨਿਟੀ ਦੇ ਹੱਕ ਵਿੱਚ "ਸਾਮਵੇਘਾ, ਏਕ ਦੌੜ ਸਮਾਨਤਾ ਕੀ ਔਰ" ਮਿਸ਼ਨ ਤਹਿਤ ਇਕ ਮੈਰਾਥਨ ਦਾ ਆਯੋਜਨ ਕੀਤਾ ਗਿਆ। ਇਹ ਮੈਰਾਥਨ ਖ਼ਾਲਸਾ ਕਾਲਜ ਮੁੰਬਈ ਮਾਟੂੰਗਾ ਤੋਂ ਸਵੇਰੇ 07.00 ਵਜੇ ਚੱਲ ਕੇ ਫਾਈਵ ਗਾਰਡਨ, ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ (ਰਜਿ.), ਮੁੰਬਈ – ਦਾਦਰ ਅਤੇ ਹਿੰਦ ਮਾਤਾ ਪਰੇਲ ਤੋਂ ਵਾਪਿਸ ਹੋ ਕੇ ਖ਼ਾਲਸਾ ਕਾਲਜ ਮੁੰਬਈ ਮਾਟੂੰਗਾ ਵਿਖੇ ਸਮਾਪਤ ਹੋਈ। ਇਸ ਦੌੜ ਦਾ ਗੁਰਦੁਆਰਾ ਸਾਹਿਬ ਦਾਦਰ ਮੇਨ ਗੇਟ ਪਹੁੰਚਣ 'ਤੇ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ ਅਤੇ ਸਕੱਤਰ ਸ੍ਰ. ਬਲਬੀਰ ਸਿੰਘ ਬਾਠ ਨੇ ਇਸ ਮੈਰਾਥਨ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਨੂੰ ਜੀ ਆਇਆਂ ਕਿਹਾ।



# ਸਭਾ ਵਲੋਂ ਦਿੱਤੇ ਮੰਗ ਪੱਤਰ 'ਤੇ ਭਾਰਤੀ ਕੌਮੀ ਘੱਟ-ਗਿਣਤੀ ਕਮਿਸ਼ਨ ਨੇ ਸੂਚਨਾ ਤੇ ਪ੍ਰਸਾਰਣ ਮੰਤਰਾਲਿਆ ਨੂੰ ਸੈਂਸਰ ਬੋਰਡ ਵਿੱਚ ਦੋ ਸਿੱਖ ਵਿਦਵਾਨਾਂ ਦੇ ਨਾਮ ਦੇਣ ਲਈ ਨਿਰਦੇਸ਼ ਜਾਰੀ ਕੀਤੇ

ਭਾਰਤੀ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍ਰ. ਇਕਬਾਲ ਸਿੰਘ ਲਾਲਪੁਰਾ ਨੇ ਭਾਰਤ ਵਿੱਚ ਰਹਿ ਰਹੀਆਂ ਘੱਟ-ਗਿਣਤੀ ਕੌਮਾਂ ਦੀ ਸਥਿਤੀ ਦਾ ਜਾਇਜ਼ਾ ਲੈਣ ਲਈ ਪੂਰੇ ਦੇਸ਼ ਦਾ ਦੌਰਾ ਕੀਤਾ। ਇਸ ਦੌਰੇ ਦਰਮਿਆਨ ਮੁੰਬਈ ਪਹੁੰਚਣ 'ਤੇ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਇਕ ਵਫ਼ਦ ਸ੍ਰ. ਇਕਬਾਲ ਸਿੰਘ ਲਾਲਪੁਰਾ ਜੀ ਮਿਲਿਆ। ਸਮੁੱਚੇ ਮਹਾਰਾਸ਼ਟਰਾ, ਖ਼ਾਸ ਤੌਰ 'ਤੇ ਮੁੰਬਈ ਦੇ ਸਿੱਖ ਜਗਤ ਨੂੰ ਦਰਪੇਸ਼ ਮੰਗਾਂ ਦਾ ਇਕ ਮੰਗ-ਪੱਤਰ ਉਨ੍ਹਾਂ ਨੂੰ ਦਿੱਤਾ। ਜਿਸ ਵਿੱਚ ਫ਼ਿਲਮ ਸੈਂਸਰ ਬੋਰਡ ਵਿੱਚ ਯੋਗ ਸਿੱਖ ਵਿਦਵਾਨ ਸ਼ਾਮਲ ਕਰਨ ਲਈ ਇਕ ਅਹਿਮ ਮੰਗ ਸ਼ਾਮਲ ਸੀ। ਇਨ੍ਹਾਂ ਮੰਗਾਂ ਪ੍ਰਤੀ ਤੁਰੰਤ ਕਾਰਵਾਈ ਕਰਦਿਆਂ ਸ੍ਰ. ਇਕਬਾਲ ਸਿੰਘ ਲਾਲਪੁਰਾ ਨੇ 29 ਦਸੰਬਰ 2021 ਨੂੰ ਦਿੱਲੀ ਵਿਖੇ ਸੈਂਟਰਲ ਬੋਰਡ ਆਫ਼ ਫ਼ਿਲਮ ਸਰਟੀਫ਼ੀਕੇਸ਼ਨ, ਮਨਿਸਟਰੀ ਆਫ਼ ਇਨਫਾਰਮੇਸ਼ਨ ਐਂਡ ਬਰਾਡਕਾਸਟਿੰਗ ਦੇ ਅਧਿਕਾਰੀਆਂ ਅਤੇ ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ ਦੇ ਨੁਮਾਇੰਦਿਆਂ ਦੀ ਇਕ ਸਾਂਝੀ ਮੀਟਿੰਗ ਇਸ ਮਸਲੇ 'ਤੇ ਭਾਰਤੀ ਘੱਟ ਗਿਣਤੀ ਕਮਿਸ਼ਨ ਦੀ ਕੋਰਟ ਵਿੱਚ ਸੱਦੀ।

ਸਿੰਘ ਸਭਾ ਦਾਦਰ ਵੱਲੋਂ ਦਿੱਲੀ ਵਿੱਚ ਹੋਈ ਇਸ ਮੀਟਿੰਗ ਵਿੱਚ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ ਅਤੇ ਮੀਤ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਰੰਧਾਵਾ ਨੇ ਸ਼ਿਰਕਤ ਕਰਕੇ ਸਿੱਖ ਵਿਦਵਾਨਾਂ ਨੂੰ ਸੈਂਸਰ ਬੋਰਡ ਵਿੱਚ ਹਰ ਹਾਲਤ ਸ਼ਾਮਲ ਕਰਨ ਲਈ ਦਲੀਲਾਂ ਸਹਿਤ ਰੱਖ ਕੇ ਆਪਣੇ ਵਿਚਾਰ ਪੇਸ਼ ਕੀਤੇ।

ਇਨ੍ਹਾਂ ਸਾਰੇ ਸੁਝਾਵਾਂ ਨੂੰ ਸੁਣਨ ਉਪਰੰਤ ਸ੍ਰ. ਇਕਬਾਲ ਸਿੰਘ ਲਾਲਪੁਰਾ ਨੇ ਸੂਚਨਾ ਤੇ ਪ੍ਰਸਾਰਣ ਮੰਤਰਾਲਿਆਂ ਦੇ ਅਧਿਕਾਰੀਆਂ ਨੂੰ ਪੂਰੀ ਸਖ਼ਤੀ ਨਾਲ ਜਲਦੀ ਤੋਂ ਜਲਦੀ ਫ਼ਿਲਮ ਸੈਂਸਰ ਬੋਰਡ ਵਿੱਚ ਦੋ ਸਿੱਖ ਵਿਦਵਾਨਾਂ ਦੇ ਨਾਵਾਂ ਦਾ ਸੁਝਾਓ ਦੇਣ ਦੀ ਹਿਦਾਇਤ ਜਾਰੀ ਕੀਤੀ।






ਭਾਰਤੀ ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਸ੍ਰ. ਇਕਬਾਲ ਸਿੰਘ ਲਾਲਪੁਰਾ ਦੀ ਮੁੰਬਈ ਫੇਰੀ ਮੌਕੇ ਘੱਟ ਗਿਣਤੀਆਂ ਕੌਮਾਂ ਨਾਲ ਹੋਈ ਇਕ ਸਾਂਝੀ ਮੀਟਿੰਗ ਸਮੇਂ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ ਅਤੇ ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ ਬੈਠੇ ਦਿਖਾਈ ਦੇ ਰਹੇ ਹਨ।

(ਸੱਜੇ ਹੱਥ) ਭਾਰਤੀ ਕੌਮੀ ਘੱਟ-ਗਿਣਤੀ ਕਮਿਸ਼ਨ ਵਲੋਂ ਦਿੱਲੀ ਵਿੱਚ ਸੱਦੀ ਗਈ ਮੀਟਿੰਗ ਵਿੱਚ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ ਅਤੇ ਜੂਨੀਅਰ ਮੀਤ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਰੰਧਾਵਾ ਨਜ਼ਰ ਆ ਰਹੇ ਹਨ।

V V V V V V V V V V

# ਲੋਹਗੜ੍ਹ ਕਿਤਾਬ ਰਿਲੀਜ਼



ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਥਾਣੇ ਦੇ ਡਿਪਟੀ ਕਲੈਕਟਰ ਅਤੇ ਹਰਿਆਣਾ ਦੇ ਰੈਵੀਨਿਊ ਮਹਿਕਮੇ ਦੇ ਸੀਨੀਅਰ ਅਫ਼ਸਰ ਗਗਨਦੀਪ ਸਿੰਘ ਅਤੇ ਉਹਨਾਂ ਦੀ ਟੀਮ ਲੋਹਗੜ੍ਹ ਕਿਤਾਬ ਰਿਲੀਜ਼ ਕਰਦੇ ਹੋਏ ।

V V V V V V V V V V

# ਅਨੰਦ ਮੈਰਿਜ ਐਕਟ

ਸਿੰਘ ਸਭਾ ਦਾਦਰ ਵੱਲੋਂ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਲਈ 13 ਫਰਵਰੀ 2018 ਨੂੰ ਮਹਾਰਾਸ਼ਟਰਾ ਦੇ ਮੁੱਖ ਮੰਤਰੀ ਨੂੰ ਇਕ ਪੱਤਰ ਲਿਖਿਆ ਗਿਆ। ਮਹਾਰਾਸ਼ਟਰਾ ਸਰਕਾਰ ਨੇ ਉਕਤ ਐਕਟ ਦੇ ਤਹਿਤ ਸਿੱਖ ਵਿਆਹ ਦੇ ਰਜਿਸਟਰੇਸ਼ਨ ਲਈ ਨਿਯਮ ਬਨਾਉਣ ਅਤੇ ਲਾਗੂ ਕਰਨ ਦੀ ਸਹਿਮਤੀ ਦਿੱਤੀ। ਇਸ ਦਾ ਖੁਲਾਸਾ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ, ਸਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਤੋਂ ਸ੍ਰ. ਪਰਮਜੋਤ ਸਿੰਘ ਚਾਹਲ ਅਤੇ ਮਹਾਰਾਸ਼ਟਰਾ ਦੀਆਂ ਸਿੱਖ ਸੰਸਥਾਵਾਂ ਦੇ ਆਗੂਆਂ ਦੀ ਮਹਾਰਾਸ਼ਟਰਾ ਸਰਕਾਰ ਦੇ ਘੱਟ-ਗਿਣਤੀ ਡਿਵੈਲਪਮੈਂਟ ਮੰਤਰੀ ਸ੍ਰੀ ਨਵਾਬ ਮਲਿਕ ਨਾਲ ਹੋਈ ਮੀਟਿੰਗ ਵਿੱਚ ਹੋਇਆ। ਸਿੰਘ ਸਭਾ ਦਾਦਰ ਦੇ ਇਨ੍ਹਾਂ ਯਤਨਾਂ ਨੂੰ ਅੱਜ ਬੂਰ ਪੈ ਚੁਕਾ ਹੈ।

V V V V V V V V V V

# ਗੁਰੂ ਨਾਨਕ ਹਸਪਤਾਲ ਟਰੱਸਟ-ਬਾਂਦਰਾ ਦੀ ਮੌਜੂਦਾ ਸਥਿਤੀ

ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ-ਦਾਦਰ 1969 ਵਿੱਚ 500 ਸਾਲਾ ਗੁਰੂ ਨਾਨਕ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਦੀ ਯਾਦ ਵਿੱਚ ਕੌਮ ਦੇ ਬੜੇ ਹੀ ਨਿਪੁੰਨ ਅਤੇ ਦੂਰ-ਅੰਦੇਸ਼ ਆਗੂਆਂ ਵੱਲੋਂ ਇਕ ਹਸਪਤਾਲ ਉਸਾਰਣ ਦਾ ਵਿਚਾਰ ਕੀਤਾ ਗਿਆ। ਉਸ ਸਮੇਂ ਬੜੀ ਹੀ ਭਾਰੀ ਘਾਲਣਾ ਤੋਂ ਬਾਅਦ ਸਭਾ ਬਾਂਦਰਾ (ਪੂਰਵ) ਵਿਖੇ ਮਹਾਰਾਸ਼ਟਰ ਸਰਕਾਰ ਪਾਸੋਂ ਤਕਰੀਬਨ ਪੰਜ ਏਕੜ੍ਹ ਦਾ ਪਲਾਟ ਲੈਣ ਵਿੱਚ ਸਫ਼ਲ ਹੋਈ। ਉਪਰੰਤ ਹਸਪਤਾਲ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਨਾਲ ਚਲਾਉਣ ਲਈ ਸਭਾ ਦੇ ਅਧੀਨ ਇਕ "ਗੁਰੂ ਨਾਨਕ ਕੁਇਨ-ਸੈਂਟੇਨਰੀ ਮੈਮੋਰੀਅਲ ਹਾਸਪੀਟਲ ਟਰੱਸਟ" ਦੀ ਸਥਾਪਨਾ 5 ਮਈ 1971 ਨੂੰ ਕੀਤੀ ਗਈ, ਜਿਸ ਵਿੱਚ 5 ਪਰਮਾਨੈਂਟ ਟਰੱਸਟੀ ਸ੍ਰ. ਗੰਗਾ ਸਿੰਘ, ਸ੍ਰ. ਸੁੱਚਾ ਸਿੰਘ, ਸ੍ਰ. ਬਖ਼ਸ਼ੀਸ਼ ਸਿੰਘ, ਸ੍ਰ. ਗੁਰਬਖ਼ਸ਼ ਸਿੰਘ ਗਾਂਧੀ ਅਤੇ ਸ੍ਰੀ ਕੁੰਦਨਲਾਲ ਵਿਜਨ ਨਿਯੁਕਤ ਕੀਤੇ ਗਏ। ਇਹ ਵੀ ਨਿਯਤ ਹੋਇਆ ਕਿ ਸਿੰਘ ਸਭਾ ਦਾਦਰ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਉਕਤ ਟਰੱਸਟ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਹੋਣਗੇ। ਦੂਸਰੀ ਗੱਲ ਇਹ ਵੀ ਤੈਅ ਹੋਈ ਕਿ ਜੇਕਰ ਉਕਤ ਪੰਜ ਟਰੱਸਟੀਆਂ ਵਿੱਚੋਂ ਕੋਈ ਟਰੱਸਟੀ ਕਿਸੇ ਕਾਰਣ ਆਪਣੀ ਟਰੱਸਟੀਸ਼ਿਪ ਛੱਡ ਜਾਂਦਾ ਹੈ, ਟਰਮ ਪੂਰੀ ਹੋ ਜਾਂਦੀ ਹੈ ਜਾਂ ਅਕਾਲ ਚਲਾਣਾ ਕਰ ਜਾਂਦਾ ਹੈ ਤਾਂ ਇਹ ਥਾਂ ਪੂਰੀ ਕਰਨ ਲਈ ਸਿੰਘ ਸਭਾ ਦਾਦਰ ਨੂੰ ਹੀ ਅਧਿਕਾਰ ਹੋਵੇਗਾ। ਇਸ ਤੋਂ ਇਲਾਵਾ ਟਰੱਸਟ ਦੇ ਸੰਵਿਧਾਨ ਵਿੱਚ ਇਹ ਵੀ ਦਰਜ ਹੈ ਕਿ ਜੇ ਮੌਜੂਦਾ ਟਰੱਸਟ ਹਸਪਤਾਲ ਚਲਾਉਣ ਵਿੱਚ ਜੇਕਰ ਅਸਮਰਥ ਹੋ ਜਾਂਦਾ ਹੈ ਤਾਂ ਹਸਪਤਾਲ ਦਾ ਸਮੁੱਚਾ ਪ੍ਰਬੰਧ ਮੁੜ ਸਿੰਘ ਸਭਾ ਦਾਦਰ ਨੂੰ ਸੌਂਪ ਦਿੱਤਾ ਜਾਵੇਗਾ।



1980 ਤੋਂ ਬਹੁਤ ਹੀ ਸੋਚੀ-ਸਮਝੀ ਰਣਨੀਤੀ ਨਾਲ ਹਸਪਤਾਲ ਟਰੱਸਟ ਨੂੰ ਚਲਾਉਣ ਦੇ ਸਾਰੇ ਅਧਿਕਾਰ ਸਭਾ ਵੱਲੋਂ ਟਰੱਸਟੀਆਂ ਨੇ ਆਪਣੇ ਹੱਥ ਵਿੱਚ ਲੈ ਲਏ। ਜਿਸ ਦੇ ਨਤੀਜੇ ਵੱਜੋਂ ਹਸਪਤਾਲ ਕੁਝ ਇਕ ਪਰਿਵਾਰਾਂ ਦੇ ਹੱਥਾਂ ਵਿੱਚ ਚਲਾ ਗਿਆ ਅਤੇ ਆਪਣੇ ਮੁੱਖ ਮੰਤਵ ਨੂੰ ਪੂਰਾ ਕਰਨ ਵਿੱਚ ਅਤੇ ਹਸਪਤਾਲ ਨੂੰ ਚਲਾਉਣ ਤੋਂ ਪੂਰੀ ਤਰ੍ਹਾਂ ਅਸਮਰਥ ਰਿਹਾ।

ਸਿੰਘ ਸਭਾ ਮੁੰਬਈ ਦੀ ਮੌਜੂਦਾ ਪ੍ਰਬੰਧਕ ਕਮੇਟੀ ਇਸ ਮਸਲੇ ਨੂੰ ਸੁਲਝਾਉਣ ਲਈ ਹਰ ਪੱਖੋਂ ਰਾਹ ਕੱਢਦੀ ਰਹੀ ਅਤੇ ਕਾਨੂੰਨ ਦਾ ਵੀ ਸਹਾਰਾ ਲਿਆ ਤਾਂ ਜੋ ਹਸਪਤਾਲ ਨੂੰ ਪੂਰੀ ਤਰ੍ਹਾਂ ਸਭਾ ਦੇ ਪ੍ਰਬੰਧ ਹੇਠ ਲੈ ਕੇ ਕੌਮ ਅਤੇ ਜ਼ਰੂਰਤਮੰਦ ਲੋਕਾਂ ਦੀ ਮਦਦ ਹੋ ਸਕੇ। ਹੁਣ ਕਈ ਦਹਾਕਿਆਂ ਬਾਅਦ ਸਭਾ ਨੂੰ ਇਸ ਵਿੱਚ ਸਫ਼ਲਤਾ ਮਿਲਣੀ ਸ਼ੁਰੂ ਹੋ ਗਈ ਹੈ। ਪਿਛਲੇ ਸਮੇਂ ਗਵਰਨਿੰਗ ਕਾਉਂਸਲ ਵਿੱਚ ਹਸਪਤਾਲ ਦੇ 1971 ਦੇ ਮੂਲ ਸੰਵਿਧਾਨ ਨੂੰ ਮੁੜ ਲਾਗੂ ਕਰਨ ਦੀ ਆਪਸੀ ਸਹਿਮਤੀ ਬਣੀ ਹੈ, ਇਹ ਵੀ ਫ਼ੈਸਲਾ ਹੋਇਆ ਕਿ ਬਹੁਤ ਜਲਦੀ ਹਸਪਤਾਲ ਦੇ ਮੌਜੂਦਾ ਸੰਵਿਧਾਨ ਵਿੱਚ, 1971 ਦੇ ਸੰਵਿਧਾਨ ਦੀ ਰੌਸ਼ਨੀ ਵਿੱਚ ਸੋਧ ਕੀਤੀ ਜਾਵੇਗੀ, ਜਿਸ ਮੁਤਾਬਿਕ ਸਭਾ ਦਾ ਪ੍ਰਧਾਨ ਹਸਪਤਾਲ ਦਾ ਚੇਅਰਮੈਨ ਹੋਵੇਗਾ। ਇਸ ਹੋਏ ਫ਼ੈਸਲੇ ਮੁਤਾਬਿਕ 22 ਅਗਸਤ 2021 ਵਿੱਚ ਹਸਪਤਾਲ ਦੇ ਚੇਅਰਮੈਨ ਸ੍ਰ: ਸਰਬਜੀਤ ਸਿੰਘ ਵੱਲੋਂ ਦਿੱਤੇ ਅਸਤੀਫ਼ੇ ਦੇ ਮਗਰੋਂ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ: ਰਘਬੀਰ ਸਿੰਘ ਗਿੱਲ ਨੂੰ ਸਰਬ ਸੰਮਤੀ ਨਾਲ ਹਸਪਤਾਲ ਦੇ ਚੇਅਰਮੈਨ ਦੀ ਸੇਵਾ ਸੌਂਪੀ ਗਈ। ਸੇਵਾ ਮਿਲਣ ਉਪਰੰਤ ਚੇਅਰਮੈਨ ਸ੍ਰ: ਰਘਬੀਰ ਸਿੰਘ ਗਿੱਲ ਨੇ ਗੁਰਦੁਆਰਾ ਸਾਹਿਬ ਦਾਦਰ ਪੁੱਜ ਕੇ ਸ਼ੁਕਰਾਨੇ ਵੱਜੋਂ ਅਰਦਾਸ ਕੀਤੀ ਅਤੇ ਸਭਾ ਵੱਲੋਂ ਸਿਰੋਪਾਓ ਪ੍ਰਦਾਨ ਕੀਤਾ ਗਿਆ। ਇਸ ਮੌਕੇ 'ਤੇ ਬੋਲਦਿਆਂ ਗੁਰੂ ਨਾਨਕ ਹਸਪਤਾਲ ਟਰੱਸਟ ਦੇ ਚੇਅਰਮੈਨ ਸ੍ਰ. ਰਘਬੀਰ ਸਿੰਘ ਗਿੱਲ ਨੇ ਇਹ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਸਮੇਂ ਵਿੱਚ ਹਸਪਤਾਲ ਦੀ ਉਸਾਰੀ ਦਾ ਕੰਮ ਬਹੁਤ ਜਲਦੀ ਸ਼ੁਰੂ ਹੋ ਜਾਏਗਾ ਅਤੇ ਹੋਰ ਵੀ ਜੋ ਹਸਪਤਾਲ ਨੂੰ ਚਲਾਉਣ ਲਈ ਆਧੁਨਿਕ ਮਸ਼ੀਨਰੀ, ਜ਼ਰੂਰਤ ਦੀਆਂ ਚੀਜ਼ਾਂ ਅਤੇ ਮਰੀਜ਼ਾਂ ਲਈ ਸਹੂਲਤਾਂ ਵਿੱਚ ਸੁਧਾਰ ਹੋਵੇਗਾ। ਸ੍ਰ: ਰਘਬੀਰ ਸਿੰਘ ਗਿੱਲ ਨੇ ਇਹ ਵੀ ਐਲਾਨ ਕੀਤਾ ਕਿ ਮੈਡੀਕਲ ਫ਼ੀਲਡ ਨਾਲ ਜੁੜੇ ਜੋ ਵੀ ਸਿੱਖ ਬੱਚੇ-ਬੱਚੀਆਂ ਹਨ, ਉਹ ਹਸਪਤਾਲ ਵਿੱਚ ਲੋਕ ਭਲਾਈ ਹਿੱਤ ਆਪਣੀਆਂ ਸੇਵਾਵਾਂ ਦੇਣ ਤਾਂ ਜੋ ਗੁਰੂ ਪਾਤਸ਼ਾਹ ਦੀ ਬਖ਼ਸ਼ਿਸ਼ ਨਾਲ ਆਉਂਦੇ ਸਮੇਂ ਵਿੱਚ ਇਹ ਹਸਪਤਾਲ ਨਵੀਂਆਂ ਬੁਲੰਦੀਆਂ ਨੂੰ ਛੋਹੰਦਾ ਹੋਇਆ ਸ਼ਹਿਰ ਦੇ ਗਿਣੇ-ਮਿੱਥੇ ਹਸਪਤਾਲਾਂ ਦੀ ਸੂਚੀ ਵਿੱਚ ਸ਼ਾਮਿਲ ਹੋ ਸਕੇ।

V V V V V V V V V V

# ਪੀ. ਐਮ. ਸੀ. ਬੈਂਕ

ਮਿਤੀ 23/09/2019 ਨੂੰ ਪੀ. ਐਮ. ਸੀ. ਬੈਂਕ 'ਤੇ ਰੀਜ਼ਰਵ ਬੈਂਕ ਨੇ ਸੈਕਸ਼ਨ ੩੫-ਏ ਦੇ ਅਧੀਨ ਬੈਂਕ ਦੇ ਲੈਣ ਦੇਣ 'ਤੇ ਰੋਕ ਲਗਾ ਦਿੱਤੀ। ਇਸ ਦੇ ਸਬੰਧ ਵਿੱਚ ਸਿੰਘ ਸਭਾ ਦਾਦਰ ਦੀ ਮੌਜੂਦਾ ਕਮੇਟੀ ਨੇ ਮਿਤੀ 26/09/2019 ਨੂੰ ਰੀਜ਼ਰਵ ਬੈਂਕ ਵੱਲੋਂ ਨਿਯੁਕਤ ਕੀਤੇ ਐਡਮਿਨਿਸਟਰੇਟਰ ਨੂੰ ਮਿਲ ਕੇ ਬੈਂਕ ਦੇ ਮੌਜੂਦਾ ਹਾਲਾਤਾਂ ਬਾਰੇ ਜਾਣਕਾਰੀ ਲਈ ਅਤੇ ਜਲਦ ਤੋਂ ਜਲਦ ਇਸਦਾ ਹਲ ਕਰਨ ਲਈ ਬੇਨਤੀ ਪੱਤਰ ਦਿੱਤਾ ਅਤੇ ਸਭਾ ਦਾ 25 ਕਰੋੜ ਵੀ ਬੈਂਕ ਵਿਚ ਡਿਪਾਜਿਟ ਹੈ, ਬਾਰੇ ਦੱਸਿਆ। ਮਿਤੀ 27 ਸਤੰਬਰ 2019 ਨੂੰ ਚੇਅਰਮੈਨ ਅਤੇ ਸਾਰੇ ਡਾਇਰੈਕਟਰਾਂ ਨੂੰ ਹਿਦਾਇਤ ਕੀਤੀ ਕਿ ਆਪ ਸਭ ਸਾਹਮਣੇ ਆ ਕੇ ਆਪਣਾ ਸਪੱਸ਼ਟੀਕਰਣ ਖ਼ਾਤਾ-ਧਾਰਕਾਂ ਨੂੰ ਦਿਓ। ਇਸ ਤੋਂ ਬਾਅਦ ਬੈਂਕ ਸੰਚਾਲਕਾਂ ਦੀ ਸਿੰਘ ਸਭਾ ਦੀ ਕੋਰ ਕਮੇਟੀ ਨਾਲ ਮੀਟਿੰਗ ਵੀ ਹੋਈ।

01/10/2019 ਨੂੰ ਆਰ.ਬੀ.ਆਈ. ਗਵਰਨਰ ਨੂੰ ਇਕ ਬੇਨਤੀ ਪੱਤਰ ਦਿੱਤਾ, ਜਿਸ ਵਿੱਚ ਖ਼ਾਤਾ-ਧਾਰਕਾਂ ਦੀ ਦਿਨੋ-ਦਿਨ ਖ਼ਰਾਬ ਹੁੰਦੀ ਆਰਥਿਕ ਦਸ਼ਾ ਬਾਰੇ ਜਾਣਕਾਰੀ ਦਿੱਤੀ।

12 ਅਕਤੂਬਰ 2019 ਗਵਰਨਰ ਆਫ਼ ਮਹਾਰਾਸ਼ਟਰਾ ਨੂੰ ਸਭਾ ਦੀ ਕੋਰ ਕਮੇਟੀ ਅਤੇ ਸ਼ਹਿਰ ਦੇ ਪਤਿਵੰਤੇ ਸੱਜਣਾਂ ਨੇ ਬੈਂਕ ਨੂੰ ਮੁੜ ਬਹਾਲ ਕਰਨ ਦੀ ਬੇਨਤੀ ਕੀਤੀ। ਇਸੇ ਸਬੰਧ ਵਿਚ ਮੌਜੂਦਾ ਮੁੱਖ ਮੰਤਰੀ ਸ੍ਰੀ ਊਧਵ ਠਾਕਰੇ, ਉੱਪ ਮੁੱਖ ਮੰਤਰੀ ਸ੍ਰੀ ਅਜੀਤ ਪਵਾਰ ਅਤੇ ਐਨ.ਸੀ.ਪੀ. ਦੇ ਪ੍ਰਧਾਨ ਸ੍ਰੀ ਸ਼ਰਦ ਪਵਾਰ ਨੂੰ ਵੀ ਬੈਂਕ ਨੂੰ ਦੁਬਾਰਾ ਮੁੜ ਲੀਹਾਂ 'ਤੇ ਲਿਆਉਣ ਦੀ ਗੁਜ਼ਾਰਿਸ਼ ਕੀਤੀ।

ਸਾਬਕਾ ਪ੍ਰਧਾਨ ਮੰਤਰੀ ਸ੍ਰ. ਮਨਮੋਹਨ ਸਿੰਘ ਦੇ 16 ਅਕਤੂਬਰ 2019 ਨੂੰ ਮੁੰਬਈ ਆਉਣ 'ਤੇ ਸਭਾ ਵੱਲੋਂ ਉਹਨਾਂ ਨੂੰ ਆਪਣੇ ਅਸਰ ਰਸੂਖ਼ ਨਾਲ ਪੀ. ਐਮ. ਸੀ. ਬੈਂਕ ਦੇ ਮਾਮਲੇ ਨੂੰ ਹਲ ਕਰਨ ਲਈ ਮੰਗ ਪੱਤਰ ਦਿੱਤਾ।

ਇਸ ਦੇ ਨਾਲ ਹੀ ਆਜ਼ਾਦ ਮੈਦਾਨ ਵਿਚ ਬੈਂਕ ਦੇ ਖ਼ਾਤਾ-ਧਾਰਕਾਂ ਵੱਲੋਂ ਕੀਤੇ ਰੋਸ ਮੁਜਾਹਰੇ ਵਿੱਚ ਸਭਾ ਦੇ ਆਫ਼ਿਸ ਬੇਅਰਰ ਅਤੇ ਕਮੇਟੀ ਮੈਂਬਰ ਸ਼ਾਮਿਲ ਹੋਏ ਅਤੇ ਸਭਾ ਵੱਲੋਂ ਚਾਹ-ਨਾਸ਼ਤੇ ਦੀ ਸੇਵਾ ਕੀਤੀ ਗਈ।





# ਵਿਦਿਅਕ ਗਤੀਵਿਧੀਆਂ

## 1. ਵਿਦਿਆਰਥੀਆਂ ਦਾ ਸਨਮਾਨ

ਸਿੰਘ ਸਭਾ ਦਾਦਰ ਵੱਲੋਂ ਹਰ ਸਾਲ ਮੁੰਬਈ, ਨਵੀਂ ਮੁੰਬਈ ਅਤੇ ਨਾਲ ਲਗਦੇ ਇਲਾਕਿਆਂ ਦੇ ਪੰਜਵੀ ਤੋਂ ਨੌਵੀਂ ਅਤੇ ਗਿਆਰਵ੍ਹੀਂ ਦੇ ਸਾਬਤ ਸੂਰਤ ਸਿੱਖ ਵਿਦਿਆਰਥੀ, ਜਿਨ੍ਹਾਂ ਨੇ ਪ੍ਰੀਖਿਆਵਾਂ ਵਿਚ 90% ਜਾਂ ਏ-ਗ੍ਰੇਡ ਪ੍ਰਾਪਤ ਕੀਤਾ ਸੀ, ਉਨ੍ਹਾਂ ਨੂੰ ਗੁਰਦੁਆਰਾ ਸਾਹਿਬ ਦਾਦਰ ਦੇ ਦਰਬਾਰ ਹਾਲ ਵਿੱਚ ਇਕ ਉਚੇਚੇ ਤੌਰ 'ਤੇ ਕੀਤੇ ਗਏ ਸਮਾਗਮ ਵਿੱਚ ਸਿਰੋਪਾਓ, ਟਰਾਫ਼ੀ ਅਤੇ ਨਗਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਦੇ ਨਾਲ ਹੀ 12ਵੀਂ ਜਮਾਤ ਦੇ ਵਿਦਿਆਰਥੀ ਜਿਹਨਾਂ ਨੇ ਸਾਇੰਸ ਵਿੱਚ 80%, ਕਾਮਰਸ ਵਿੱਚ 75% ਅਤੇ ਆਰਟਸ ਵਿੱਚ 70% ਜਾਂ ਉਸ ਤੋਂ ਵੱਧ ਅੰਕ ਪ੍ਰਾਪਤ ਕੀਤੇ, ਉਹਨਾਂ ਦਾ ਵੀ ਇਸੇ ਤਰ੍ਹਾਂ ਸਨਮਾਨ ਕੀਤਾ ਗਿਆ।

ਇਸ ਸਮਾਗਮ ਵਿਚ ਸ਼ਹਿਰ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ, ਸੇਵਕ ਜੱਥੇ ਅਤੇ ਹੋਰ ਉੱਘੀਆਂ ਹਸਤੀਆਂ ਦੇ ਕਰ-ਕਮਲਾਂ ਦੁਆਰਾ ਇਹ ਸਨਮਾਨ ਦਿੱਤੇ ਗਏ।

ਕੋਵਿਡ-19 ਮਹਾਂਮਾਰੀ ਦੇ ਕਾਰਣ ਸਾਲ 2020 ਅਤੇ 2021 ਦੌਰਾਨ ਟੈਕਨੋਲੌਜੀ ਦਾ ਇਸਤੇਮਾਲ ਕਰਦੇ ਹੋਏ ਸਭਾ ਨੇ ਆਨਲਾਈਨ ਈ-ਸਰਟੀਫ਼ਿਕੇਟ ਦੇ ਕੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ, ਜਿਸ ਵਿੱਚ 2020 ਦੇ 101 ਅਤੇ 2021 ਦੇ 234 ਵਿਦਿਆਰਥੀਆਂ ਨੇ ਲਾਭ ਲਿਆ । ਇਹ ਸੇਵਾ ਸੇਵਕ ਜੱਥਾ ਦਾਦਰ (ਰਜਿ:) ਦੇ ਨੌਜਵਾਨ ਵਾਲੰਟੀਅਰਜ਼ ਨੇ ਮੁੰਬਈ ਦੇ ਵੱਖੋ-ਵੱਖਰੇ 11 ਲੋਕੇਸ਼ਨਜ਼ ਤੋਂ ਸੰਚਾਲਿਤ ਕੀਤੀ, ਜਿਸ ਵਿੱਚ ਗੁਰਦੁਆਰਾ ਸਾਹਿਬ ਦਾਦਰ ਦਾ ਵੱਡਾ ਮੀਟਿੰਗ ਹਾਲ ਇਸ ਸਾਰੇ ਸੰਚਾਲਨ ਦਾ ਮੁੱਖ ਕੇਂਦਰ ਸੀ।








ਪ੍ਰਧਾਨ ਸ੍ਰ: ਰਘਬੀਰ ਸਿੰਘ ਗਿੱਲ, ਇਲਾਕੇ ਦੇ ਐਮ.ਐਲ.ਏ. ਸ੍ਰੀ ਕਾਲੀਦਾਸ ਕੋਲੰਬਕਰ ਟਰਾਫ਼ੀਆਂ ਦਿੰਦੇ ਹੋਏ ਅਤੇ ਹੇਠਾਂ ਸਭਾ ਦੇ ਕਮੇਟੀ ਮੈਂਬਰ, ਪਤਵੰਤੇ ਸੱਜਣ ਅਤੇ ਸੇਵਕ ਜੱਥਾ ਦਾਦਰ ਦੇ ਨੌਜਵਾਨ ਸੇਵਾਦਾਰ।

## 2. ਵਿਦਿਅਕ ਸਹਾਇਤਾ

ਸਿੰਘ ਸਭਾ ਦਾਦਰ ਵੱਲੋਂ ਮੁੰਬਈ, ਨਵੀਂ ਮੁੰਬਈ ਅਤੇ ਨਾਲ ਲਗਦੇ ਐਮ.ਐਮ.ਆਰ. ਇਲਾਕਿਆਂ ਦੇ ਸਾਬਤ ਸੂਰਤ, ਹੋਣਹਾਰ ਲੋੜਵੰਦ ਸਿੱਖ ਵਿਦਿਆਰਥੀਆਂ ਨੂੰ ਬਾਰਵ੍ਹੀਂ ਤੋਂ ਬਾਅਦ ਉਚੇਰੀ ਵਿਦਿਆ ਹਾਸਿਲ ਕਰਨ ਲਈ ਬਿਨਾ ਵਿਆਜ ਤੋਂ ਲੋਨ ਦਿੱਤਾ ਜਾਂਦਾ ਹੈ, ਜਿਸ ਦੀ ਵਾਪਸੀ ਪਰਿਵਾਰ ਨੇ ਆਸਾਨ ਕਿਸ਼ਤਾਂ ਰਾਹੀਂ ਕਰਨੀ ਹੁੰਦੀ ਹੈ। ਇਸ ਸਕੀਮ ਅਧੀਨ 01 ਅਪ੍ਰੈਲ, 2018 ਤੋਂ 31 ਦਸੰਬਰ, 2021 ਤੱਕ ਵਿਦਿਅਕ ਲੋਨ ਅਤੇ ਸਹਾਇਤਾ 543482/- ਰੁਪੈ ਦਿੱਤੀ ਗਈ।

## 3. ਸਭਾ ਵੱਲੋਂ ਵਿਦਿਆ ਦੇਣ ਲਈ ਅਪਣਾਈਆਂ ਬੱਚੀਆਂ

ਸਿੰਘ ਸਭਾ ਦਾਦਰ ਵੱਲੋਂ ਮੁੰਬਈ, ਨਵੀਂ ਮੁੰਬਈ ਅਤੇ ਅਤੇ ਨਾਲ ਲਗਦੇ ਐਮ. ਐਮ. ਆਰ. ਇਲਾਕਿਆਂ ਵਿੱਚੋਂ ਜਿਹੜੇ ਵੀ ਪਰਿਵਾਰ ਵਿੱਚ ਕੋਈ ਮੁੱਖ ਕਮਾਊ ਜੀਅ ਦੇ ਗੁਜਰ ਜਾਣ ‘ਤੇ, ਉਸ ਪਰਿਵਾਰ ਦੀਆਂ ਬੇਟੀਆਂ ਵਿੱਚੋਂ ਇਕ ਬੇਟੀ ਦੀ ਪੜ੍ਹਾਈ ਦਾ ਖ਼ਰਚ ਸਿੰਘ ਸਭਾ ਦਾਦਰ ਕਰਦੀ ਹੈ। ਹੁਣ ਤਕ ਅਨੇਕ ਪਰਿਵਾਰਾਂ ਨੇ ਇਸ ਦਾ ਲਾਭ ਪ੍ਰਾਪਤ ਕੀਤਾ ਹੈ।

## 4. ਐਜੂ ਸਿੱਖ

Edu Sikh

Promoting Education of Sikhs

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਮਨਾਉਂਦਿਆਂ ਸਿੰਘ ਸਭਾ ਦਾਦਰ ਵੱਲੋਂ ਵਿਦਿਆ ਦੇ ਖੇਤਰ ਵਿੱਚ ਇਕ ਨਵਾਂ ਮੀਲ ਪੱਥਰ ਸਥਾਪਿਤ ਕਰਦਿਆਂ ਮਾਂ-ਬੋਲੀ ਪੰਜਾਬੀ ਦਾ ਪ੍ਰਚਾਰ ਤੇ ਪ੍ਰਸਾਰ ਕਰਣ ਲਈ ਇਕ ਨਿਵੇਕਲਾ ਉਪਰਾਲਾ ਕੀਤਾ ਗਿਆ। ਇਸ ਉਪਰਾਲੇ ਦੀ ਸ਼ੁਰੂਆਤ ਐਜੂ ਸਿੱਖ ਸੰਸਥਾ ਦੇ ਮੁਖੀ ਇਨਕਮ ਟੈਕਸ ਕਮਿਸ਼ਨਰ ਸ੍ਰ. ਪਰਮਜੀਤ ਸਿੰਘ ਨਾਲ ਮਿਲ ਕੇ ਕੀਤੀ। ਇਹ ਪ੍ਰੋਗਰਾਮ ਭਾਰਤ ਦੇ ਵੱਖ-ਵੱਖ ਸਟੇਟਾਂ ਵਿੱਚ ਕੀਤਾ ਗਿਆ। ਪੂਰੇ ਭਾਰਤ ਵਿੱਚੋਂ 550 ਸਿੱਖ ਵਿਦਵਾਨਾਂ ਨੂੰ 5000/- ਰੁਪਏ ਸਾਲਾਨਾ ਵਜੀਫ਼ਾ ਦੇਣ ਦੀ ਪ੍ਰਕ੍ਰਿਆ ਮੁੰਬਈ ਤੋਂ ਸ਼ੁਰੂ ਕੀਤੀ ਗਈ। ਇਸ ਸਕਾਲਰਸ਼ਿਪ ਨੂੰ ਹਾਸਲ ਕਰਨ ਲਈ ਪਿਛਲੀਆਂ ਤਿੰਨ ਜਮਾਤਾਂ ਦੇ ਫਾਈਨਲ ਰਿਜ਼ਲਟ ਵਿੱਚ 60% ਅੰਕ ਅਤੇ ਪਰਿਵਾਰਿਕ ਆਮਦਨ ਪੰਜ ਲੱਖ ਸਾਲਾਨਾ ਹੋਣੀ ਚਾਹੀਦੀ ਹੈ ਅਤੇ ਪੰਜਾਬੀ ਲਿਖਣੀ, ਪੜ੍ਹਨੀ, ਬੋਲਣੀ ਆਉਣੀ ਚਾਹੀਦੀ ਹੈ। ਬੱਚਿਆਂ ਦੀ ਪੰਜਾਬੀ ਦੀ ਜਾਣਕਾਰੀ ਦਾ ਪਹਿਲਾ ਲਿਖਤੀ ਇਮਤਿਹਾਨ ਮੁੰਬਈ ਦੇ ਗੁਰੂ ਨਾਨਕ ਸਕੂਲ ਦਾਦਰ, ਭਾਂਡੁਪ, ਮੁਲੁੰਡ ਅਤੇ ਕਲਮਬੋਲੀ ਵਿਖੇ ਹੋਇਆ। ਇਹਨਾਂ ਇਮਤਿਹਾਨਾਂ ਵਿੱਚ ਪੰਜਾਬ ਤੋਂ ਪਹੁੰਚੀਆਂ 2 ਬੱਚੀਆਂ ਨੇ ਵੀ ਹਿੱਸਾ ਲਿਆ। ਇਹਨਾਂ ਇਮਤਿਹਾਨਾਂ ਵਿੱਚ ਪਾਸ ਹੋਏ 102 ਬੱਚਿਆਂ ਨੂੰ ਗੁਰੂ ਨਾਨਕ ਕਾਲਜ, ਗੁਰੂ ਤੇਗ਼ ਬਹਾਦੁਰ ਨਗਰ ਸਾਇਨ ਦੇ ਆਡੀਟੋਰੀਅਮ ਵਿਖੇ ਇਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕਰਕੇ ਮੈਡਲ, ਸਰਟੀਫ਼ਿਕੇਟ ਅਤੇ ਵਜੀਫ਼ੇ ਦੇ ਚੈੱਕ ਦਿੱਤੇ ਗਏ।

ਸਿੰਘ ਸਭਾ ਦਾਦਰ ਵੱਲੋਂ ਵਡਾਲਾ ਗਰਾਉਂਡ ਵਿਖੇ ਮਨਾਏ ਗਏ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਦੇ ਅਵਸਰ ‘ਤੇ ਵੀ ਐਜੂ ਸਿੱਖ ਵੱਲੋਂ ਸਿੰਘ ਸਭਾ ਦਾਦਰ ਦੇ ਸਹਿਯੋਗ ਨਾਲ ਪੰਜਾਬੀ ਬੋਲੀ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਇਕ ਵਿਸ਼ੇਸ਼ ਸਟਾਲ ਲਗਾਇਆ ਗਿਆ, ਜਿਸ ਵਿੱਚ ਹਰ ਉਮਰ ਦੇ ਵਿਅਕਤੀਆਂ ਨੇ ਭਾਗ ਲਿਆ ਅਤੇ ਯੋਗਤਾ ਮੁਤਾਬਿਕ ਸੋਨਾ, ਚਾਂਦੀ ਅਤੇ ਤਾਂਬੇ ਦੇ ਤ਼ਗਮੇ ਹਾਸਿਲ ਕੀਤੇ।



ਬੱਚੇ ਮੈਡਲ, ਸਰਟੀਫ਼ਿਕੇਟ ਅਤੇ ਵਜ਼ੀਫ਼ੇ ਦੇ ਚੈੱਕ ਪ੍ਰਾਪਤ ਕਰਨ ਉਪਰੰਤ ਪ੍ਰਬੰਧਕਾਂ ਨਾਲ।














**ਕੋਵਿਡ-19 ਮਹਾਂਮਾਰੀ ਸਮੇਂ ਸਾਬਤ ਸੂਰਤ ਸਿੱਖ ਵਿਦਿਆਰਥੀਆਂ ਦਾ ਆਨਲਾਈਨ ਸਨਮਾਨ ਕਰਨ ਲਈ ਆਰਜੀ ਤੌਰ 'ਤੇ ਸਿੰਘ ਸਭਾ ਦਾਦਰ ਦੇ ਮੀਟਿੰਗ ਰੂਮ ਵਿੱਚ ਬਣੇ ਕੰਟ੍ਰੋਲ ਰੂਮ ਤੋਂ ਵਾਲੰਟੀਅਰ ਪ੍ਰੋਗਰਾਮ ਦਾ ਸੰਚਾਲਨ ਕਰਦੇ ਹੋਏ।**

# ਕੈਰੀਅਰ ਕੌਂਸਲਿੰਗ ਸੈਮੀਨਾਰ



ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ-ਦਾਦਰ ਦੀ ਤੀਸਰੀ ਮੰਜ਼ਿਲ 'ਤੇ ਸਥਿਤ ਸੈਮੀਨਾਰ ਹਾਲ ਵਿੱਚ ਵਿਦਿਆ ਦੇ ਖੇਤਰ ਨੂੰ ਮੁੱਖ ਰੱਖਦਿਆਂ ਹੋਇਆਂ ਮਿਤੀ 16 ਜੂਨ 2019 ਨੂੰ ਇਕ ਵਿਸ਼ੇਸ਼ ਕੈਰੀਅਰ ਕੌਂਸਲਿੰਗ ਸੈਮੀਨਾਰ ਕਰਵਾਇਆ ਗਿਆ। ਇਸ ਸਮੇਂ ਮੁੰਬਈ ਅਤੇ ਨਾਲ ਲਗਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ 12 ਤੋਂ 20 ਸਾਲ ਦੇ ਵਿਦਿਆਰਥੀ ਆਪਣੇ ਮਾਤਾ-ਪਿਤਾ ਨਾਲ ਹਾਜ਼ਰ ਸਨ। ਵਿਦਿਆ ਵਿੱਚ ਵਿਦਿਆਰਥੀਆਂ ਨੂੰ ਆਪਣਾ ਸਹੀ ਕੈਰੀਅਰ ਚੁਣਨ ਲਈ ਵੱਖ-ਵੱਖ ਕਿੱਤਿਆਂ ਦੇ ਮਾਹਰਾਂ ਨੂੰ ਬੁਲਾ ਕੇ ਮਾਰਗ ਦਰਸ਼ਨ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਪਹੁੰਚੇ ਐਮ-3 ਬਿਜਨਿਸ ਮੈਨਟਰਸ ਪ੍ਰਾਈਵੇਟ ਲਿਮਿਟਿਡ ਦੇ ਸ੍ਰ. ਤੇਜਿੰਦਰ ਸਿੰਘ, ਹਰਪ੍ਰਭ ਫਾਉਂਡੇਸ਼ਨ ਦੇ ਸ੍ਰ. ਗੁਰਮੀਤ ਸਿੰਘ ਅਤੇ ਅਨੰਤਾ ਐਜੂਟੈਕ ਇੰਸਟੀਚਿਊਟ ਫ਼ੈਸ਼ਨ ਡਿਜ਼ਾਇਨਿੰਗ ਤੋਂ ਸ੍ਰ. ਸੁਰਿੰਦਰ ਸਿੰਘ ਜੱਗੀ ਹੁਰਾਂ ਨੇ ਆਪਣੀ ਮੁਹਾਰਤ ਵਿਦਿਆਰਥੀਆਂ ਨਾਲ ਸਾਂਝੀ ਕੀਤੀ। ਬੱਚਿਆਂ ਵੱਲੋਂ ਕੀਤੇ ਗਏ ਸੁਆਲਾਂ ਦੇ ਜੁਆਬ ਵੀ ਮਾਹਰਾਂ ਵੱਲੋਂ ਦਿੱਤੇ ਗਏ। ਇਸ ਮੌਕੇ 'ਤੇ ਮੌਜੂਦ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ, ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ, ਸਕੱਤਰ ਸ੍ਰ. ਬਲਬੀਰ ਸਿੰਘ ਬਾਠ ਨੇ ਵੀ ਆਪਣੇ ਵੀਚਾਰ ਸਾਂਝੇ ਕੀਤੇ ਅਤੇ ਭਵਿੱਖ ਵਿੱਚ ਵੀ ਇਹੋ ਜਿਹੇ ਸੈਮੀਨਾਰ ਕਰਵਾਉਣ ਦਾ ਵਾਅਦਾ ਕੀਤਾ। ਇਸ ਸੈਮੀਨਾਰ 'ਤੇ ਬੱਚਿਆਂ ਵੱਲੋਂ ਫੀਡ-ਬੈਕ ਫਾਰਮ ਵੀ ਭਰਵਾਏ ਗਏ। ਬੁਲਾਰਿਆਂ ਨੂੰ ਸਭਾ ਵੱਲੋਂ ਸ਼ਾਲਾਂ ਭੇਟ ਕਰਕੇ ਸਨਮਾਨ ਕੀਤਾ ਗਿਆ।

V V V V V V V V V V

# ਸਭਾ ਵੱਲੋਂ ਗੁਰੂ ਨਾਨਕ ਹਸਪਤਾਲ ਬਾਂਦਰਾ ਵਿਖੇ ਸਿੱਖ ਪਰਿਵਾਰਾਂ ਲਈ ਮੁਫ਼ਤ ਵੈਕਸੀਨ ਦੀ ਸੇਵਾ

ਸਿੰਘ ਸਭਾ ਦਾਦਰ ਵੱਲੋਂ ਗੁਰੂ ਨਾਨਕ ਹਸਪਤਾਲ ਬਾਂਦਰਾ ਵਿਖੇ ਸਿੱਖ ਪਰਿਵਾਰਾਂ ਲਈ ਮੁਫ਼ਤ ਵੈਕਸੀਨ ਦੀ ਸੇਵਾ 1 ਅਕਤੂਬਰ 2021 ਤੋਂ ਸ਼ੁਰੂ ਕੀਤੀ ਗਈ ਸੀ ਜੋ ਕਿ ਅੱਜ ਵੀ ਜਾਰੀ ਹੈ, ਜਿਸ ਦਾ ਸਿੱਖ ਸੰਗਤਾਂ ਭਰਪੂਰ ਲਾਭ ਲੈ ਰਹੀਆਂ ਹਨ।

V V V V V V V V V V

# ਸਭਾ ਦੀ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੀਆਂ ਤਿਆਰੀਆਂ




ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ, (ਸੱਜੇ) ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ (ਖੱਬੇ), ਜੂਨੀਅਰ ਮੀਤ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਰੰਧਾਵਾ ਅਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਆਈਆਂ ਚਿੱਠੀਆਂ 'ਤੇ ਵਿਚਾਰ ਕਰਦੇ ਹੋਏ।

v v v v v v v v v v

# ਗੁਰਦੁਆਰਾ ਸਾਹਿਬ ਦਾਦਰ ਦੀ ਵਿਸ਼ਾਲ ਇਮਾਰਤ ਦੀ ਢਾਂਚਾਗਤ (Structural) ਰੀਪੇਅਰਿੰਗ, ਨਵੀਨੀਕਰਣ ਅਤੇ ਸੁੰਦਰੀਕਰਣ ਜਾਰੀ

ਗੁਰਦੁਆਰਾ ਸਾਹਿਬ ਦਾਦਰ ਦੀ ਵਿਸ਼ਾਲ ਇਮਾਰਤ ਦੀ ਸਮੁੱਚੀ ਰੀਪੇਅਰਿੰਗ, ਨਵੀਨੀਕਰਣ ਅਤੇ ਸੁੰਦਰੀਕਰਣ ਕਰਨ ਦੀ ਸੇਵਾ ਬੀਤੇ ਕੁਝ ਸਮੇਂ ਤੋਂ ਲਗਾਤਾਰ ਜਾਰੀ ਹੈ। ਖ਼ਾਸ ਕਰਕੇ ਦਰਬਾਰ ਹਾਲ ਦੇ ਸੁੰਦਰੀਕਰਣ ਦੀ ਸੇਵਾ ਜ਼ੋਰਾਂ ਨਾਲ ਜਾਰੀ ਹੈ। ਇਸਦੇ ਨਾਲ ਹੀ ਸਮੁੱਚੀ ਬਿਲਡਿੰਗ ਦੀ ਟੈਰਸ ਦੀ ਵਾਟਰ ਪਰੂਫਿੰਗ ਦਾ ਕੰਮ ਮੁਕੰਮਲ ਕਰ ਦਿੱਤਾ ਗਿਆ ਹੈ। ਇਸ ਚਲ ਰਹੀ ਸੇਵਾ ਵਿੱਚ ਦਾਨੀ ਸੱਜਣ ਆਪਣੀ ਸਮਰਥਾ ਅਨੁਸਾਰ ਹਿੱਸਾ ਪਾ ਕੇ ਗੁਰੂ-ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰ ਸਕਦੇ ਹਨ।

ਗੁਰਦੁਆਰਾ ਸਾਹਿਬ ਦੀ ਇਮਾਰਤ ਵਿੱਚ ਕਈ ਦਹਾਕਿਆਂ ਤੋਂ ਗੁਰੂ ਨਾਨਕ ਵਿਦਿਅਕ ਸੁਸਾਇਟੀ ਵੱਲੋਂ ਚਲਾਏ ਜਾ ਰਹੇ ਗੁਰੂ ਨਾਨਕ ਹਾਇਰ ਸੈਕੰਡਰੀ ਸਕੂਲ ਦਾ ਵੀ ਢਾਂਚਾਗਤ ਰਿਪੇਅਰਿੰਗ ਅਤੇ ਟੈਰਸ ਵਾਟਰ ਪਰੂਫਿੰਗ ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ ਵੱਲੋਂ ਕਰਵਾ ਦਿੱਤੀ ਗਈ ਹੈ, ਜਿਸ ਦਾ ਪੂਰਾ ਖ਼ਰਚ ਸਭਾ ਵੱਲੋਂ ਕੀਤਾ ਗਿਆ ਹੈ।

# ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਮਨਾਉਣ ਸਬੰਧੀ ਸਾਂਝੀਆਂ ਇਕੱਤ੍ਰਤਾਵਾਂ



ਗੁਰਦੁਆਰਾ ਸਾਹਿਬ ਦਾਦਰ ਦੇ ਦਰਬਾਰ ਹਾਲ ਵਿੱਚ ਗੁਰਪੁਰਬ ਮਨਾਉਣ ਸਬੰਧੀ ਸਾਂਝੀ ਇਕੱਤ੍ਰਤਾ।



ਦੀਵਾਨਚੰਦ ਰਾਮਸਰਨ ਕੰਪਾਉਂਡ, ਈਸਟਰਨ ਫਰੀ-ਵੇ ਵਡਾਲਾ ਵਿਖੇ
ਗੁਰਪੁਰਬ ਮਨਾਉਣ ਸਬੰਧੀ ਸਾਂਝੀ ਇਕੱਤ੍ਰਤਾ।

# ਬਿਦਰ ਤੋਂ ਗੁਰੂ ਨਾਨਕ ਪ੍ਰਕਾਸ਼ ਯਾਤਰਾ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸ੍ਰੀ ਗੁਰੂ ਨਾਨਕ ਝੀਰਾ ਸਾਹਿਬ, ਬਿਦਰ (ਕਰਨਾਟਕਾ) ਤੋਂ ਆਰੰਭ ਹੋਈ ਗੁਰੂ ਨਾਨਕ ਪ੍ਰਕਾਸ਼ ਯਾਤਰਾ ਦੇਸ਼ ਦੇ ਵੱਖ-ਵੱਖ ਸੂਬਿਆਂ ਤੋਂ ਹੁੰਦੀ ਹੋਈ ਸੋਮਵਾਰ, 12 ਅਗਸਤ 2019 ਨੂੰ ਮੁੰਬਈ ਦੇ ਮੀਰਾ ਰੋਡ ਇਲਾਕੇ ਵਿਖੇ ਪੁੱਜੀ। ਮੀਰਾ ਰੋਡ ਤੋਂ ਸ੍ਰੀ ਗੁਰੂ ਸਿੰਘ ਸਭਾ ਮੁੰਬਈ, ਦਾਦਰ ਦੇ ਪ੍ਰਬੰਧ ਹੇਠ ਇਹ ਯਾਤਰਾ ਵੈਸਟਰਨ ਲਾਈਨ ਤੋਂ ਹੁੰਦੀ ਹੋਈ ਗੁਰਦੁਆਰਾ ਸਾਹਿਬ ਦਾਦਰ ਵਿਖੇ ਪੁੱਜੀ। ਸਭਾ ਦੀ ਸਮੁੱਚੀ ਕਮੇਟੀ ਅਤੇ ਸੰਗਤਾਂ ਵੱਲੋਂ ਪਹੁੰਚੀ ਯਾਤਰਾ ਦਾ ਨਿੱਘਾ ਸੁਆਗਤ ਕੀਤਾ ਗਿਆ। ਦੂਸਰੇ ਦਿਨ ਮੰਗਲਵਾਰ 13 ਅਗਸਤ 2019 ਨੂੰ ਗੁਰਦੁਆਰਾ ਗੁਰੂ ਨਾਨਕ ਸਤਿਸੰਗ ਸਭਾ, ਚੁਨਾਭੱਟੀ ਤੋਂ ਯਾਤਰਾ ਆਰੰਭ ਹੋਈ ਅਤੇ ਸੈਂਟਰਲ ਲਾਈਨ ਤੋਂ ਹੁੰਦੀ ਹੋਈ ਗੁਰਦੁਆਰਾ ਸ੍ਰੀ ਦਸ਼ਮੇਸ਼ ਦਰਬਾਰ, ਥਾਨੇ ਹਾਈਵੇ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਸ਼ੀ ਵਿਖੇ ਸਮਾਪਤ ਹੋਈ। ਬੁੱਧਵਾਰ 14 ਅਗਸਤ 2019 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਸ਼ੀ ਤੋਂ ਯਾਤਰਾ ਨੂੰ ਮੁੰਬਈ ਦੀਆਂ ਸੰਗਤਾਂ ਨੇ ਪੂਨਾ ਲਈ ਰਵਾਨਾ ਕੀਤਾ।




SRI GURU SINGH SABHA[Regd]MUMBAI
DADAR, MUMBAI-400014


ਸੇਵਕ ਜੱਥਾ ਬੰਬਈ (ਰਜਿ:)
SEWAK JATHA BOMBAY (Regd.)
Gurdwara Building, Dr. Ambedkar Road, Dadar (E), Mumbai - 400 014.


SEWAK
JATHA MALAD (REGD)


GURU NANAK
HIGHER SECONDARY SCHOOL
G.T.B NAGAR
GURU NANAK
ENGLISH HIGH SCHOOL


GURU NANAK
HIGHER SECONDARY SCHOOL
DADAR

# ਪਾਕਿਸਤਾਨ ਤੋਂ ਯਾਤਰਾ – "ਕਲਿ ਤਾਰਣ ਗੁਰੂ ਨਾਨਕ ਆਇਆ"

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪਾਵਨ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਾਕਿਸਤਾਨ ਸਥਿਤ ਜਨਮ ਅਸਥਾਨ ਗੁਰਦੁਆਰਾ ਨਨਕਾਣਾ ਸਾਹਿਬ ਤੋਂ ਆਰੰਭ ਹੋਈ ਯਾਤਰਾ "ਕਲਿ ਤਾਰਣ ਗੁਰੂ ਨਾਨਕ ਆਇਆ" ਭਾਰਤ ਦੇ ਵੱਖ–ਵੱਖ ਸੂਬਿਆਂ ਤੋਂ ਹੁੰਦੀ ਹੋਈ 21 ਸਤੰਬਰ 2019 ਨੂੰ ਨਵੀਂ ਮੁੰਬਈ–ਬੇਲਾਪੁਰ ਵਿਖੇ ਪਹੁੰਚੀ। 22 ਸਤੰਬਰ 2019 ਨੂੰ ਇਹ ਯਾਤਰਾ ਗੁਰਦੁਆਰਾ ਸ੍ਰੀ ਦਸ਼ਮੇਸ਼ ਦਰਬਾਰ, ਥਾਨੇ ਈਸਟਰਨ ਐਕਸਪ੍ਰੈਸ ਹਾਈਵੇ ਤੋਂ ਅੱਗੇ ਸ੍ਰੀ ਗੁਰੂ ਸਿੰਘ ਸਭਾ ਮੁੰਬਈ, ਦਾਦਰ ਦੇ ਪ੍ਰਬੰਧ ਹੇਠ ਇਸ ਯਾਤਰਾ ਨੇ ਮੁੰਬਈ ਲਈ ਚਾਲੇ ਪਾਏ। ਸੈਂਟਰਲ ਲਾਈਨ ਦੇ ਵੱਖ–ਵੱਖ ਇਲਾਕਿਆਂ ਤੋਂ ਹੁੰਦੀ ਹੋਈ ਗੁਰਦੁਆਰਾ ਸਾਹਿਬ ਦਾਦਰ ਵਿਖੇ ਪਹੁੰਚੀ।

ਅਗਲੇ ਦਿਨ ਸ੍ਰੀ ਗੁਰੂ ਸਿੰਘ ਸਭਾ ਮੁੰਬਈ, ਦਾਦਰ ਦੇ ਪ੍ਰਬੰਧ ਹੇਠ 23 ਸਤੰਬਰ 2019 ਨੂੰ ਇਹ ਯਾਤਰਾ ਮੁੰਬਈ ਸਥਿਤ ਗੁਰੂ ਨਾਨਕ ਖ਼ਾਲਸਾ ਕਾਲਜ ਮਾਟੁੰਗਾ ਤੋਂ ਆਰੰਭ ਹੋ ਕੇ ਵੈਸਟਰਨ ਲਾਈਨ ਤੋਂ ਹੁੰਦੀ ਹੋਈ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ, ਬੋਰੀਵਲੀ ਰਾਤ ਨੂੰ ਵਿਸ਼ਰਾਮ ਕੀਤਾ। ਇਨ੍ਹਾਂ ਦੋਨਾਂ ਦਿਨਾਂ ਵਿੱਚ ਸ਼ਹਿਰ ਦੀਆਂ ਸੰਗਤਾਂ ਦੇ ਠਾਠਾਂ ਮਾਰਦੇ ਸਮੁੰਦਰ ਨੇ ਇਸ ਯਾਤਰਾ ਦੇ ਗੁਰੂ ਮਹਾਰਾਜ ਦੇ ਪਾਵਨ ਸਰੂਪ ਅਤੇ ਪੁਰਾਤਨ ਸ਼ਸ਼ਤਰਾਂ ਦੇ ਦਰਸ਼ਨ ਕੀਤੇ ਅਤੇ ਅਗਲੇ ਦਿਨ ਇਸ ਯਾਤਰਾ ਨੂੰ ਨਿੱਘੀ ਵਿਦਾਇਗੀ ਦਿੰਦੇ ਹੋਏ ਗੁਜਰਾਤ ਲਈ ਰਵਾਨਾ ਕੀਤਾ ਗਿਆ।










THE FAMIL


prime video


CELEBRATING 550th BIRTH ANIVERSARY
OF
SRI GURU NANAK DEVJI
LET WISDOM BE YOUR MOTHER AND CONTENTMENT FATHER.
SAYS GURU NANAK





# 550 ਸਾਲਾ ਗੁਰਪੁਰਬ ਸਮਾਗਮ ਗੁਰੂ ਨਾਨਕ ਸਾਹਿਬ ਜੀ

ਸ੍ਰੀ ਗੁਰੂ ਸਿੰਘ ਸਭਾ (ਰਜਿ:) ਮੁੰਬਈ – ਦਾਦਰ ਵੱਲੋਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪਾਵਨ ਪ੍ਰਕਾਸ਼ ਪੁਰਬ ਮਿਤੀ 10, 11 ਅਤੇ 12 ਨਵੰਬਰ 2019 ਦਿਨ ਐਤਵਾਰ, ਸੋਮਵਾਰ ਅਤੇ ਮੰਗਲਵਾਰ ਸ੍ਰੀ ਦੀਵਾਨਚੰਦ ਰਾਮਸਰਨ ਕੰਪਾਉਂਡ, ਈਸਟਰਨ ਫਰੀ–ਵੇ ਵਡਾਲਾ, ਮਾਹੁਲ–ਚੈਂਬੂਰ, ਮੁੰਬਈ - 74 (ਭਗਤੀ ਪਾਰਕ ਦੇ ਨੇੜੇ ਵਡਾਲਾ ਈਸਟ) ਵਿਖੇ ਬੜੀ ਸ਼ਰਧਾ ਸਤਿਕਾਰ ਸਹਿਤ ਮਨਾਇਆ ਗਿਆ। ਇਸ ਸਮਾਗਮ ਤੇ ਭਾਈ ਹਰਨਾਮ ਸਿੰਘ ਜੀ ਦਰਬਾਰ ਸਾਹਿਬ, ਭਾਈ ਜਸਪਾਲ ਸਿੰਘ ਜੀ ਦਰਬਾਰ ਸਾਹਿਬ ਅਤੇ ਭਾਈ ਜਸਵਿੰਦਰ ਸਿੰਘ ਜੀ ਟੈਕਸਲਾ ਟੀ. ਵੀ. ਵਾਲਿਆਂ ਨੇ ਬੜੇ ਹੀ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਗਿਆਨੀ ਬਲਦੇਵ ਸਿੰਘ ਜੀ ਪਾਉਂਟਾ ਸਾਹਿਬ ਵਾਲਿਆਂ ਨੇ ਸੰਗਤਾਂ ਨਾਲ ਗੁਰਮਤਿ ਵਿਚਾਰ ਸਾਂਝੇ ਕੀਤੇ। ਢਾਡੀ ਜੱਥਾ ਗਿਆਨੀ ਬਲਵੀਰ ਸਿੰਘ ਰੰਗੀਲਾ ਜੀ ਨੇ ਵਾਰਾਂ ਰਾਹੀਂ ਗੁਰ ਇਤਿਹਾਸ ਗਾਇਨ ਕਰਕੇ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੀ ਜੀਵਨੀ ਤੋਂ ਜਾਣੂ ਕਰਾਇਆ। ਬਾਹਰੋਂ ਬੁਲਾਏ ਕਵੀ ਸ੍ਰ. ਗੁਰਚਰਨ ਸਿੰਘ ਜੀ ਚਰਨ, ਸ੍ਰ. ਸੁਰਿੰਦਰ ਸਿੰਘ ਜੀ ਰਮਤਾ, ਸ੍ਰੀ ਜਮੀਰ ਅਲੀ ਜਮੀਰ, ਲੋਕਲ ਕਵੀ ਬੀਬੀ ਅਮਰਜੀਤ ਕੌਰ ਜੀ ਪ੍ਰਵਾਨਾ ਅਤੇ ਸ੍ਰ. ਚਰਨ ਸਿੰਘ ਜੀ ਦਰਦੀ ਨੇ ਆਪਣੀਆਂ ਰਚਨਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਸਮਾਗਮ ਦੌਰਾਨ ਸਵੇਰੇ 11.00 ਤੋਂ 11.30 ਤੱਕ 25 ਨਵੰਬਰ 2018 ਨੂੰ ਆਰੰਭ ਕੀਤੇ ਸੰਗਤੀ ਸਹਿਜ ਪਾਠਾਂ ਦੀ ਸਮਾਪਤੀ ਹੋਈ ਅਤੇ ਨਾਲ ਹੀ ਅਗਲੇ ਸਹਿਜ ਪਾਠਾਂ ਦੀ ਆਰੰਭਤਾ ਵੀ ਕੀਤੀ ਗਈ। ਗੁਰਦੁਆਰਾ ਸ੍ਰੀ ਗੁਰੂ ਨਾਨਕ ਸਤਿਸੰਗ ਸਭਾ (ਰਜਿ.) ਚੂਨਾਭੱਟੀ ਵਿਖੇ ਅੰਮ੍ਰਿਤ ਦਾ ਬਾਟਾ ਤਿਆਰ ਹੋਇਆ, ਜਿਸ ਨੂੰ ਛੱਕ ਕੇ ਬੇਅੰਤ ਪ੍ਰਾਣੀ ਗੁਰੂ ਵਾਲੇ ਬਣੇ।

550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ–ਮੀਰਾ ਰੋਡ, ਗੁਰਦੁਆਰਾ ਸ੍ਰੀ ਸਚਖੰਡ ਦਰਬਾਰ–ਕਲਿਆਣ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ–ਖਾਰਘਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ–ਸਾਨਪਾੜਾ ਅਤੇ ਗੁਰੂ ਤੇਗ਼ ਬਹਾਦੁਰ ਕਲਗੀਧਰ ਪੰਚਾਇਤੀ ਸੇਵਕ ਜੱਥਾ–ਗੁਰੂ ਤੇਗ਼ ਬਹਾਦੁਰ ਨਗਰ, ਸਾਇਨ ਵਿਖੇ ਹੋਏ ਗੁਰਮਤਿ ਸਮਾਗਮਾਂ ਵਿੱਚ ਸਿੰਘ ਸਭਾ ਦਾਦਰ ਨੇ ਆਪਣਾ ਭਰਪੂਰ ਯੋਗਦਾਨ ਪਾਇਆ।












# ਸ੍ਰੀ ਦੀਵਾਨਚੰਦ ਰਾਮਸਰਨ ਜੀ ਦੇ ਪਰਿਵਾਰ ਦਾ ਸਨਮਾਨ



ਸ੍ਰੀ ਦੀਵਾਨਚੰਦ ਰਾਮਸਰਨ ਕੰਪਾਉਂਡ ਦੇ ਮਾਲਕ ਦੇ ਮਾਤਾ ਸ੍ਰੀਮਤੀ ਸਵਰਨ ਕਾਂਤਾ ਸੁਪਤਨੀ ਸਵਰਗਵਾਸੀ ਸ਼ੋਰੀ ਲਾਲ ਮੱਕੜ ਅਤੇ ਉਹਨਾਂ ਦੇ ਬੇਟੇ ਸ੍ਰੀ ਰਾਜੇਸ਼ ਮੱਕੜ, ਸ੍ਰੀ ਗੋਪਾਲ ਮੱਕੜ ਆਪਣੇ ਪੂਰੇ ਪਰਿਵਾਰ ਸਮੇਤ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਸਮੇਂ ਗੁਰੂ ਮਹਾਰਾਜ ਦਾ ਆਸ਼ੀਰਵਾਦ ਲੈਣ ਪਹੁੰਚੇ। ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਮਾਤਾ ਜੀ ਨੂੰ ਸ਼ਾਲ ਅਤੇ ਸਨਮਾਨ ਚਿੰਨ੍ਹ ਦਿੱਤਾ। ਇਸ ਮੌਕੇ 'ਤੇ ਸਾਬਕਾ ਐਮ. ਐਲ.ਏ ਸ੍ਰ. ਤਾਰਾ ਸਿੰਘ ਜੀ ਦੀ ਪੁੱਜੇ, ਜਿਹਨਾਂ ਦੇ ਉਦਮ ਨਾਲ ਇਹ ਗਰਾਉਂਡ ਸਿੰਘ ਸਭਾ ਦਾਦਰ ਨੂੰ ਗੁਰਪੁਰਬ ਮਨਾਉਣ ਲਈ ਮਿਲ ਰਹੀ ਹੈ। ਉਹਨਾਂ ਨੇ ਵੀ ਪਰਿਵਾਰ ਨੂੰ ਸ਼ਾਲ ਅਤੇ ਸਨਮਾਨ ਚਿੰਨ੍ਹ ਦਿੱਤਾ। ਸ਼੍ਰੀ ਹਰਵੀਸ਼ ਜਗਤਰਾਮ ਰੰਗਰਸ ਹੁਰਾਂ ਦਾ ਵੀ ਇਸ ਗਰਾਉਂਡ ਨੂੰ ਸਭਾ ਨੂੰ ਦਿਵਾਉਣ ਵਿਚ ਅਹਿਮ ਯੋਗਦਾਨ ਹੈ।




SINGH SABHA
DADAR GURDWARA
Akaal









ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ 'ਤੇ ਸਜਾਈ ਗਈ ਵਿਸ਼ਾਲ ਸਟੇਜ 'ਤੇ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਮਹਾਰਾਸ਼ਟਰਾ ਦੇ ਗਵਰਨਰ ਸ੍ਰੀ ਭਗਤ ਸਿੰਘ ਕੋਸ਼ਿਆਰੀ ਨੂੰ ਸਨਮਾਨ ਚਿੰਨ੍ਹ ਅਤੇ ਸ਼ਾਲ ਦੇ ਕੇ ਸਨਮਾਨ ਕੀਤਾ। ਇਸ ਦੇ ਨਾਲ ਹੀ ਸ੍ਰ. ਰਘਬੀਰ ਸਿੰਘ ਗਿੱਲ ਨੇ ਸਭਾ ਵਲੋਂ ਸਮੂੰਹ ਸੇਵਕ ਜੱਥਿਆਂ ਦਾ ਵੀ ਸਨਮਾਨ ਕੀਤਾ। ਇਸ ਮੌਕੇ ਉਹਨਾਂ ਤੋਂ ਇਲਾਵਾ ਸਭਾ ਦੇ ਜੂਨੀਅਰ ਮੀਤ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਰੰਧਾਵਾ ਅਤੇ ਕਾਂਗਰਸ ਆਗੂ ਸ੍ਰ. ਚਰਨ ਸਿੰਘ ਸਪਰਾ ਵੀ ਮੌਜੂਦ ਸਨ।




ਸੇਵਕ ਜੱਥਾ ਬੰਬਈ (ਰਜਿ:)
SEWAK JATHA BOMBAY (Regd.)
262-12, Shaheed Bhagat Singh Road, Mumbai - 400 001
BY. GURUDAWARA BHAI JOGA SINGH (G.T.B NAGAR)
FREE SEWA


2447 3649 / 022-2445 1848 E-mail : psjatha@gmail.com










ਗੁਰੂ ਤੇਗ਼ ਬਹਾਦੁਰ ਨਗਰ ਵਿਖੇ ਗੁਰੂ ਤੇਗ਼ ਬਹਾਦੁਰ ਕਲਗੀਧਰ ਪੰਚਾਇਤੀ ਸੇਵਕ ਜੱਥਾ ਵੱਲੋਂ ਸਿੰਘ ਸਭਾ ਦਾਦਰ ਦੇ ਸਹਿਯੋਗ ਨਾਲ ਮਨਾਏ ਗਏ 550 ਸਾਲਾ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਮੌਕੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹਜ਼ੂਰੀ ਰਾਗੀ ਜੱਥਾ ਭਾਈ ਰਵਿੰਦਰ ਸਿੰਘ ਸੰਗਤਾਂ ਨੂੰ ਕੀਰਤਨ ਸਰਵਣ ਕਰਵਾਉਂਦੇ ਹੋਏ ਅਤੇ ਹੇਠਾਂ ਸੰਗਤਾਂ ਦਾ ਵਿਸ਼ਾਲ ਇਕੱਠ।





ਉਪਰਲੀ ਤਸਵੀਰ ਵਿੱਚ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਅਤੇ ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ ਕੀਰਤਨੀਏ ਜੱਥੇ ਨੂੰ ਸਿਰੋਪਾ ਭੇਂਟ ਕਰਕੇ ਸਨਮਾਨ ਕਰਦੇ ਹੋਏ ਅਤੇ (ਹੇਠਾਂ) ਸ੍ਰ. ਰਘਬੀਰ ਸਿੰਘ ਗਿੱਲ ਨੂੰ ਪੰਥ ਦੇ ਪ੍ਰਸਿੱਧ ਰਾਗੀ ਭਾਈ ਰਵਿੰਦਰ ਸਿੰਘ ਗੁਰੂ ਘਰ ਵਲੋਂ ਸਿਰੋਪਾ ਭੇਂਟ ਕਰਦੇ ਹੋਏ।

# "ਗੁਰੂ ਨਾਨਕ ਰਸੋਈ-550"

ਸਿੰਘ ਸਭਾ ਦਾਦਰ ਦੇ ਪ੍ਰਬੰਧ ਹੇਠ ਸੰਗਤਾਂ ਦੇ ਸਹਿਯੋਗ ਨਾਲ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਮੁੰਬਈ ਦੇ ਪਰੇਲ ਇਲਾਕੇ ਸਥਿਤ ਕੈਂਸਰ ਮਰੀਜ਼ਾਂ ਦੇ ਇਲਾਜ ਲਈ ਪ੍ਰਸਿੱਧ ਟਾਟਾ ਹਸਪਤਾਲ ਦੀ ਗੋਲਡਨ ਜੁਬਲੀ ਇਮਾਰਤ ਦੇ ਤਲ ਮੰਜ਼ਿਲ 'ਤੇ ਸਥਿਤ ਓ.ਪੀ.ਡੀ. ਵਿਭਾਗ ਵਿਖੇ 5 ਨਵੰਬਰ 2019 ਤੋਂ ਮਰੀਜ਼ਾਂ ਅਤੇ ਉਹਨਾਂ ਦੇ ਸਹਾਇਕਾਂ ਲਈ "ਗੁਰੂ ਨਾਨਕ ਰਸੋਈ-550" ਨਾਮ ਦੇ ਹੇਠ ਲੰਗਰ ਦੀ ਸੇਵਾ ਆਰੰਭ ਕੀਤੀ ਗਈ।

ਇਹ ਸੇਵਾ ਸੋਮਵਾਰ ਤੋਂ ਸ਼ੁਕਰਵਾਰ ਤੱਕ ਰੋਜ਼ਾਨਾ ਚਲਦੀ ਹੈ, ਜਿਸ ਵਿਚ ਸਵੇਰੇ 8.00 ਤੋਂ 10.00 ਵਜੇ ਤੱਕ ਦਲੀਆ / ਪੋਹਾ / ਖਿਚੜੀ / ਉਪਮਾ ਦਾ ਨਾਸ਼ਤਾ ਅਤੇ ਚਾਹ ਉਪਰੰਤ 11.00 ਤੋਂ 01.00 ਵਜੇ ਤੱਕ ਲੰਗਰ ਦੇ ਨਾਲ ਫਰੂਟ / ਮਿੱਠਾ ਵੀ ਵਰਤਾਇਆ ਜਾਂਦਾ ਹੈ। ਇਹ ਲੰਗਰ ਗੁਰਦੁਆਰਾ ਸਾਹਿਬ ਦਾਦਰ ਤੋਂ ਤਿਆਰ ਕਰਕੇ ਲਿਜਾਇਆ ਜਾਂਦਾ ਹੈ। ਮੁੰਬਈ, ਨਵੀਂ ਮੁੰਬਈ ਅਤੇ ਨਾਲ ਲਗਦੇ ਇਲਾਕਿਆਂ ਦੀਆਂ ਸਭਾ ਸੁਸਾਇਟੀਆਂ ਅਤੇ ਸੰਗਤਾਂ ਰਸਦਾਂ, ਮਾਇਆ ਅਤੇ ਹੱਥੀਂ ਸੇਵਾ ਕਰਕੇ ਵੱਧ ਚੜ੍ਹ ਕੇ ਹਿੱਸਾ ਪਾ ਰਹੀਆਂ ਹਨ। ਗੁਰੂ ਤੇਗ਼ ਬਹਾਦੁਰ ਨਗਰ-ਸਾਇਨ ਦੀਆਂ ਸੰਗਤਾਂ ਵੱਲੋਂ ਤਿਆਰ ਕੀਤੇ ਪ੍ਰਸ਼ਾਦੇ ਕਰਮਸ਼ੇਤਰ ਬਿਲਡਿੰਗ ਦੀ ਡੀ-ਵਿੰਗ ਦੀ ਲਾਬੀ ਵਿੱਚ ਰੋਜ਼ਾਨਾ 11.00 ਵਜੇ ਤੱਕ ਇਕੱਠੇ ਕਰਕੇ ਇੱਥੋਂ ਇਸ ਚਲ ਰਹੇ ਲੰਗਰ ਲਈ ਭੇਜੇ ਜਾਂਦੇ ਹਨ। ਰੋਜ਼ਾਨਾ ਲਗਭਗ ਹਜ਼ਾਰ ਤੋਂ ਗਿਆਰ੍ਹਾਂ ਸੌ ਦੇ ਕਰੀਬ ਲੋੜਵੰਦ ਇਸ ਲੰਗਰ ਦਾ ਲਾਹਾ ਲੈ ਰਹੇ ਹਨ। ਇਸ ਲੰਗਰ ਵਿੱਚ ਸੰਗਤਾਂ ਆਪਣੀ ਵਿਤ ਮੁਤਾਬਿਕ ਹਿੱਸਾ ਪਾ ਰਹੀਆਂ ਹਨ ਤੇ ਆਪੋ-ਆਪਣੇ ਸਗੇ-ਸੰਬੰਧੀਆਂ, ਮਿੱਤਰਾਂ ਆਦਿ ਨੂੰ ਵੀ ਇਸ ਵਿੱਚ ਹਿੱਸਾ ਪਾਉਣ ਲਈ ਪ੍ਰੇਰਿਤ ਕਰ ਰਹੀਆਂ ਹਨ।

ਕਰੋਨਾ ਮਹਾਂਮਾਰੀ ਦੇ ਚਲਦਿਆਂ ਮਾਰਚ 2020 ਤੋਂ ਟਾਟਾ ਹਾਸਪੀਟਲ ਦੇ ਨਿਰਦੇਸ਼ਾਂ 'ਤੇ ਇਹ ਸੇਵਾ ਆਰਜ਼ੀ ਤੌਰ 'ਤੇ ਮੁਲਤੱਵੀ ਕਰ ਦਿੱਤੀ ਗਈ ਹੈ ਅਤੇ ਆਮ ਹਾਲਾਤ ਬਣਨ 'ਤੇ ਟਾਟਾ ਹਾਸਪੀਟਲ ਮੈਨੇਜਮੈਂਟ ਦੀ ਸਲਾਹ ਨਾਲ ਇਹ ਸੇਵਾ ਮੁੜ ਸ਼ੁਰੂ ਕੀਤੀ ਜਾਵੇਗੀ।





ਸਿੰਘ ਸਭਾ ਦਾਦਰ ਵੱਲੋਂ ਟਾਟਾ ਹਸਪਤਾਲ, ਪਰੇਲ, ਮੁੰਬਈ ਵਿਖੇ "ਗੁਰੂ ਨਾਨਕ ਰਸੋਈ-550" ਦੀ ਆਰੰਭਤਾ ਦੀ ਅਰਦਾਸ।







ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਅਤੇ ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ ਮਰੀਜ਼ਾਂ ਨੂੰ ਸੰਬੋਧਨ ਕਰਦੇ ਹੋਏ।

# “ਗੁਰੂ ਨਾਨਕ ਰਸੋਈ-550” ਦੇ ਚਲ ਰਹੇ ਲੰਗਰ ਦੀਆਂ ਕੁਝ ਝਲਕੀਆਂ




ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਪ੍ਰਬੰਧਕਾਂ, ਸੰਗਤਾਂ ਅਤੇ
ਟਾਟਾ ਹਸਪਤਾਲ ਦੇ ਅਧਿਕਾਰੀਆਂ ਸਮੇਤ ਮਰੀਜ਼ਾਂ ਨੂੰ ਲੰਗਰ ਵਰਤਾਉਂਦੇ ਹੋਏ।






ਲੰਗਰ ਲੈਣ ਲਈ ਮਰੀਜ਼
ਆਪਣੀ ਵਾਰੀ ਦਾ ਇੰਤਜ਼ਾਰ ਕਰਦੇ ਹੋਏ।



ਲੰਗਰ ਦਾ ਲਾਭ ਲੈਂਦੇ ਹੋਏ ਮਰੀਜ਼।

# "ਗੁਰੂ ਨਾਨਕ ਰਸੋਈ-550"




ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ,
ਜੂਨੀਅਰ ਮੀਤ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਰੰਧਾਵਾ, ਸਕੱਤਰ ਸ੍ਰ. ਬਲਬੀਰ ਸਿੰਘ ਬਾਠ,
ਵਿੱਤ ਅਤੇ ਮਾਲਮੱਤਾ ਸਕੱਤਰ ਸ੍ਰ. ਰਾਮ ਸਿੰਘ ਰਾਠੌਰ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਸ੍ਰ. ਗੁਰਵਿੰਦਰ ਸਿੰਘ ਗਿੱਲ
ਸਭਾ ਵੱਲੋਂ ਕੈਂਸਰ ਮਰੀਜ਼ਾਂ ਲਈ "ਗੁਰੂ ਨਾਨਕ ਰਸੋਈ -550" ਨਾਮ ਹੇਠ ਟਾਟਾ ਹਸਪਤਾਲ ਵਿਖੇ ਆਰੰਭ ਕੀਤੇ
ਲੰਗਰ ਵਿੱਚ ਮਿਲੇ ਸਹਿਯੋਗ ਲਈ ਟਾਟਾ ਹਸਪਤਾਲ ਦੇ ਅਧਿਕਾਰੀਆਂ ਨੂੰ
ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਪ੍ਰਕਾਸ਼ ਪੁਰਬ ਸਮੇਂ ਪੰਡਾਲ ਵਿਖੇ ਸਨਮਾਨਿਤ ਕਰਦੇ ਹੋਏ।

V V V V V V V V V V

# 550 ਸਾਲਾ ਸ਼ਤਾਬਦੀ ਗੁਰੂ ਨਾਨਕ ਸਾਹਿਬ ਜੀ ਅਤੇ ਸਿੰਧੀ ਸਮਾਜ

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੀ. ਐੱਡ ਕਾਲਜ ਅਤੇ ਬੰਬੇ ਟੀਚਰਜ਼ ਟਰੇਨਿੰਗ ਕਾਲਜ ਵੱਲੋਂ ਸ੍ਰੀ ਗੁਰੂ ਸਿੰਘ ਸਭਾ ਮੁੰਬਈ-ਦਾਦਰ, ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਅੰਮ੍ਰਿਤਸਰ ਅਤੇ ਗੁਰੂ ਹਰਿਗੋਬਿੰਦ ਖ਼ਾਲਸਾ ਕਾਲਜ ਆਫ਼ ਐਜੂਕੇਸ਼ਨ ਗੁਰੂਸਰ ਸਧਾਰ ਲੁਧਿਆਣਾ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦਾਦਰ ਦੇ ਦਰਬਾਰ ਹਾਲ ਵਿੱਚ ਵਿਸ਼ੇਸ਼ ਦੀਵਾਨ ਸਜਾਏ ਗਏ। ਇਸ ਸਮਾਗਮ ਦੀ ਆਰੰਭਤਾ ਦੀ ਅਰਦਾਸ ਆਨੰਦ ਮੀਰਚੰਦਾਨੀ ਨੇ ਕੀਤੀ। ਆਨੰਦ ਮੀਰਚੰਦਾਨੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਸਿੰਧੀ ਸਮਾਜ ਸਿੱਖ ਪੰਥ ਦਾ ਇਕ ਅਨਿਖੜਵਾਂ ਅੰਗ ਹੈ। ਉਨ੍ਹਾਂ ਅੱਗੇ ਕਿਹਾ ਕਿ ਸ੍ਰੀ ਗੁਰੂ ਸਿੰਘ ਸਭਾ-ਦਾਦਰ ਦੀ ਪ੍ਰਬੰਧਕ ਕਮੇਟੀ ਨੂੰ ਅੱਗੇ ਲਗ ਕੇ ਸਿੰਧੀ ਸਮਾਜ ਨੂੰ ਗੁਰਦੁਆਰਿਆਂ ਦੀ ਸੇਵਾ ਸੰਭਾਲ ਅਤੇ ਰਹਿਤ ਮਰਯਾਦਾ ਬਾਬਤ ਸੰਪੂਰਨ ਜਾਣਕਾਰੀ ਦੇਣੀ ਚਾਹੀਦੀ ਹੈ ਤਾਂ ਕਿ ਸਿੰਧੀ ਸਮਾਜ ਕੇਵਲ ਗੁਰੂ ਨਾਨਕ ਸਾਹਿਬ ਦਾ ਪੁਰਬ ਹੀ ਨਹੀਂ ਬਾਕੀ ਸਾਰੇ ਪੁਰਬ ਵੀ ਉਸੇ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਉਣ।

ਇਸ ਮੌਕੇ 'ਤੇ ਐਜੂਕੇਸ਼ਨ ਦੇ ਖੇਤਰ ਵਿੱਚ ਕੰਮ ਕਰ ਰਹੇ ਬੀ.ਐੱਡ ਕਾਲਜਾਂ ਦੇ ਵਿਦਵਾਨ ਅਧਿਆਪਕਾਂ ਦੁਆਰਾ ਲਿਖੇ ਖੋਜ-ਪੱਤਰਾਂ ਦਾ ਇਕ ਲੇਖ ਸੰਗ੍ਰਹਿ "ਗੁਰੂ ਨਾਨਕ ਸਾਹਿਬ ਜੀ ਦੀ ਵਿਚਾਰਧਾਰਾ ਦਾ ਸਿੰਧੀ ਸਮਾਜ 'ਤੇ ਪ੍ਰਭਾਵ" ਪੁਸਤਕ ਦੇ ਰੂਪ ਵਿੱਚ ਤਿਆਰ ਕਰਕੇ ਰਿਲੀਜ਼ ਕੀਤਾ ਗਿਆ ।

ਸਭਾ ਵੱਲੋਂ ਸ੍ਰ. ਰਘਬੀਰ ਸਿੰਘ ਗਿੱਲ ਨੇ ਦੇਸ਼-ਵਿਦੇਸ਼ ਤੋਂ ਇਸ ਸਮਾਗਮ ਵਿੱਚ ਸ਼ਾਮਲ ਵਿਦਵਾਨਾਂ ਅਤੇ ਪਤਵੰਤੇ ਸੱਜਣਾਂ ਨੂੰ ਜੀ ਆਇਆਂ ਆਖਦਿਆਂ ਨਿੱਘਾ ਸੁਆਗਤ ਕੀਤਾ ਤੇ ਸਾਰਿਆਂ ਨੂੰ ਗੁਰੂ-ਘਰ ਦੀ ਬਖ਼ਸ਼ਿਸ਼ ਸਿਰੋਪਾ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਮੇਜ਼ਬਾਨ ਟਰੇਨਿੰਗ ਕਾਲਜ ਵੱਲੋਂ ਵੀ ਸਿੰਘ ਸਭਾ ਦਾਦਰ ਦੀ ਪ੍ਰਬੰਧਕ ਕਮੇਟੀ ਨੂੰ ਸਨਮਾਨਿਤ ਕੀਤਾ ਗਿਆ ਅਤੇ ਸਭਾ ਨੇ ਇਹੋ ਜਿਹੇ ਸਮਾਗਮ ਸਿੰਧੀ ਸਮਾਜ ਨਾਲ ਮਿਲ ਕੇ ਕਰਨ ਦਾ ਭਰੋਸਾ ਦਿੱਤਾ। ਸਮਾਗਮ ਦੌਰਾਨ ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।





# “ਡੈਂਟਲ-550”

ਗੁਰੂ ਨਾਨਕ ਸਾਹਿਬ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੰਘ ਸਭਾ ਦਾਦਰ ਵਲੋਂ ਗੁਰੂ ਨਾਨਕ ਮਾਰਕੀਟ ਵਿੱਚ ਸ਼ਾਪ ਨੰ: 33 ਅਤੇ 34 ਵਿੱਚ “ਡੈਂਟਲ–550” ਦੇ ਨਾਮ ਹੇਠ ਚੈਰੀਟੇਬਲ ਡੈਂਟਲ ਕਲੀਨਿਕ 5 ਮਈ 2019 ਨੂੰ ਸ਼ੁਰੂ ਕੀਤੀ ਗਈ। ਇਸ ਡੈਂਟਲ–550 ਨੂੰ ਸਥਾਪਿਤ ਕਰਨ ਲਈ ਸ੍ਰ. ਗੁਰਮੀਤ ਸਿੰਘ ਭਾਮਰਾ ਅਤੇ ਉਨ੍ਹਾਂ ਦੇ ਪਰਿਵਾਰ ਨੇ ਆਪਣੇ ਦਾਦਾ ਸਵਰਗਵਾਸੀ ਸ੍ਰ. ਸੰਤਾ ਸਿੰਘ ਭਾਮਰਾ ਦੀ ਯਾਦ ਵਿੱਚ ਇਸ ਸੇਵਾ ਵਿੱਚ ਵੱਡਾ ਯੋਗਦਾਨ ਪਾਇਆ। ਇਸ ਕਲੀਨਿਕ ਵਿੱਚ ਇਲਾਕੇ ਦੇ ਲੋਕ ਅਤੇ ਸਿੱਖ ਸੰਗਤਾਂ ਵਾਜਿਬ ਚਾਰਜਿਜ ‘ਤੇ ਇਸ ਦਾ ਲਾਭ ਉਠਾ ਰਹੀਆਂ ਹਨ। ਡਾ. ਸ੍ਰ: ਪਰਮੀਤ ਸਿੰਘ ਬਾਂਗਾ ਦੀ ਟੀਮ ਇਹ ਸੇਵਾ ਨਿਭਾ ਰਹੀ ਹੈ।

ਗੁਰੂ ਨਾਨਕ ਹਾਇਰ ਸੈਕੰਡਰੀ ਸਕੂਲ ਦਾਦਰ ਦੇ ਪ੍ਰਾਇਮਰੀ ਅਤੇ ਸੈਕੰਡਰੀ ਦੇ ਬੱਚਿਆਂ ਲਈ ਇਕ ਫ੍ਰੀ ਮੈਡੀਕਲ ਡੈਂਟਲ ਚੈਕ–ਅਪ ਕੈਂਪ ਲਗਾਇਆ ਗਿਆ।





v v v v v v v v v v

# “ਫਿਜ਼ੀਓਥੈਰੇਪੀ-550”

ਗੁਰਦੁਆਰਾ ਸਾਹਿਬ ਦਾਦਰ ਦੀ ਗੁਰੂ ਨਾਨਕ ਮਾਰਕੀਟ ਵਿਚ ਸ਼ਾਪ ਨੰ: 61–ਏ ਵਿੱਚ “ਫਿਜ਼ੀਓ–550 ਚੈਰੀਟੇਬਲ ਸੈਂਟਰ" ਦੇ ਨਾਮ ਹੇਠ ਫਿਜ਼ੀਓਥੈਰੇਪੀ ਕਲੀਨਿਕ ਸਮੇਂ ਦੀ ਲੋੜ ਨੂੰ ਮੁੱਖ ਰੱਖਦਿਆਂ ਸ਼ੁਰੂ ਕੀਤਾ ਗਿਆ। ਇਸ ਕਲੀਨਿਕ ਵਿੱਚ ਇਲਾਕੇ ਦੇ ਲੋਕ ਅਤੇ ਸਿੱਖ ਸੰਗਤਾਂ ਵਾਜਿਬ ਚਾਰਜਿਜ ‘ਤੇ ਇਸ ਦਾ ਲਾਭ ਉਠਾ ਰਹੀਆਂ ਹਨ ।

v v v v v v v v v v

# ਗੁਰੂ ਨਾਨਕ ਸਾਹਿਬ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਸਭਾ ਵੱਲੋਂ ਵੱਖ-ਵੱਖ ਖੇਤਰਾਂ ਵਿੱਚ ਪ੍ਰੋਗਰਾਮ ਕੀਤੇ ਗਏ

## ਸਪੋਰਟਸ :

ਕ੍ਰਿਕਟ ਖੇਡ ਦੇ ਖੇਤਰ ਵਿੱਚ ਸਿੱਖ ਬੱਚਿਆਂ ਨੂੰ ਵੱਡੀ ਪੱਧਰ 'ਤੇ ਮੌਕਾ ਦੇਣ ਤੇ ਹੌਂਸਲਾ ਅਫ਼ਜ਼ਾਈ ਕਰਨ ਦੇ ਮਕਸਦ ਨਾਲ ਸ੍ਰੀ ਗੁਰੂ ਸਿੰਘ ਸਭਾ ਮੁੰਬਈ, ਦਾਦਰ ਨੇ ਗੁਰੂ ਗੋਬਿੰਦ ਸਿੰਘ ਸੇਵਕ ਜੱਥਾ ਟਰੱਸਟ ਦੀ ਸੋਚ ਨੂੰ ਅਮਲੀ ਜਾਮਾਂ ਪਹਿਨਾਂਦੇ ਹੋਏ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਸਹਿਯੋਗ ਨਾਲ ਗੁਰੂ ਨਾਨਕ ਖ਼ਾਲਸਾ ਕਾਲਜ, ਮਾਟੁੰਗਾ ਮੁੰਬਈ ਦੀ ਵਿਸ਼ਾਲ ਗਰਾਉਂਡ ਵਿੱਚ ਰਾਸ਼ਟਰੀ ਪੱਧਰ 'ਤੇ ਤਿੰਨ-ਦਿਨਾ ਸਿੱਖ ਪ੍ਰੀਮੀਅਰ ਲੀਗ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ।

ਇਸ ਟੂਰਨਾਮੈਂਟ ਵਿੱਚ ਦਿੱਲੀ, ਪਟਿਆਲਾ, ਜੰਮੂ, ਹੈਦਰਾਬਾਦ, ਮੁੰਬਈ, ਚੰਡੀਗੜ੍ਹ, ਨਾਂਦੇੜ ਅਤੇ ਮੱਧਿਆ ਪ੍ਰਦੇਸ਼ ਸਮੇਤ ਕੁਲ ਅੱਠ ਟੀਮਾਂ ਨੇ ਹਿੱਸਾ ਲਿਆ। ਇਸ ਮੌਕੇ ਜੇਤੂ ਟੀਮ ਨੂੰ 51 ਹਜ਼ਾਰ ਰੁਪਏ ਨਕਦ ਅਤੇ ਰਨਰ ਅਪ ਟੀਮ ਨੂੰ 31 ਹਜ਼ਾਰ ਰੁਪਏ ਨਕਦ, ਟਰਾਫ਼ੀ ਤੇ ਮੈਡਲ ਪ੍ਰਦਾਨ ਕੀਤੇ ਗਏ ਜਦਕਿ ਟੂਰਨਾਮੈਂਟ ਵਿੱਚ ਹਿੱਸਾ ਲੈਣ ਵਾਲੀਆਂ ਬਾਕੀ 6 ਟੀਮਾਂ ਨੂੰ 11-11 ਹਜ਼ਾਰ ਰੁਪਏ ਨਕਦ ਤੋਂ ਇਲਾਵਾ ਸਾਰੇ ਖਿਡਾਰੀਆਂ ਨੂੰ ਮੈਡਲ ਪ੍ਰਦਾਨ ਕੀਤੇ ਗਏ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਵੱਲੋਂ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਮੌਕੇ 'ਤੇ ਜੇਤੂ ਟੀਮ ਨੂੰ ਸ਼੍ਰੋਮਣੀ ਕਮੇਟੀ ਵੱਲੋਂ 1 ਲੱਖ ਰੁਪਏ, ਰਨਰ ਅਪ ਟੀਮ ਨੂੰ 51 ਹਜ਼ਾਰ ਰੁਪਏ ਅਤੇ ਬਾਕੀ 6 ਟੀਮਾਂ ਨੂੰ 11-11 ਹਜ਼ਾਰ ਰੁਪਏ ਇਨਾਮ ਵੱਜੋਂ ਦੇਣ ਦਾ ਐਲਾਨ ਕੀਤਾ ਗਿਆ।




SRI GURU SINGH SABHA (REGD.) MUMBAI
PROUDLY PRESENTS
KH PREMIER LEAGUE
CRICKET TOURNAMENT
SRI GURU GOBIND SINGH JI SEWAK JATHA TRUST (REGD.) MUMBAI - 37
Nanak Sahib Ji
Associate Sponsor
Media Partner
PTC PUNJABI
WINNER


Sponsor
PMC BANK
SPL
SIKH PREMIER LEAGUE
PTC PUNJABI
STAR CONNECT
Yes, We Di
WINNER SIKH PREMIER LEAGUE 2019
Fifty One Thousand Rupees only
₹51,000/-
MOTHERHOOD
JAMMU GIANTS

# ਸੰਯੁਕਤ ਕਿਸਾਨ ਮੋਰਚਾ - ਸਿੰਘ ਸਭਾ ਦਾਦਰ

ਕੇਂਦਰ ਦੀ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਕਾਲ ਦਾ ਫਾਇਦਾ ਉਠਾਉਂਦਿਆਂ ਬੜੇ ਦੀ ਰਹੱਸਮਈ ਢੰਗ ਨਾਲ ਖੇਤੀ ਸਬੰਧੀ ਤਿੰਨ ਕਾਲੇ ਕਾਨੂੰਨ ਬਿਨਾਂ ਕਿਸੇ ਕਿਸਾਨ ਯੂਨੀਅਨ ਦੀ ਸਲਾਹ ਤੋਂ ਲੋਕ ਸਭਾ ਅਤੇ ਰਾਜ ਸਭਾ ਵਿੱਚ ਪਾਸ ਕਰਵਾ ਦਿੱਤੇ ਗਏ। ਇਤਨਾ ਹੀ ਨਹੀਂ ਰਾਸ਼ਟਰਪਤੀ ਦੀ ਮੰਜ਼ੂਰੀ ਲੈ ਕੇ ਇਨ੍ਹਾਂ ਕਾਨੂੰਨਾਂ ਨੂੰ ਲਾਗੂ ਵੀ ਕਰ ਦਿੱਤਾ ਗਿਆ। ਇਸਦੇ ਵਿਰੋਧ ਵਿੱਚ ਸਭ ਤੋਂ ਪਹਿਲਾਂ ਪੰਜਾਬ ਦੀਆਂ ਕਿਸਾਨ ਯੂਨੀਅਨਾਂ ਦੀ ਅਗਵਾਈ ਵਿੱਚ ਪੰਜਾਬ ਦੇ ਕਿਸਾਨਾਂ ਨੇ ਪੰਜਾਬ ਵਿੱਚ ਬੜੇ ਹੀ ਸ਼ਾਂਤਮਈ ਢੰਗ ਅਤੇ ਸੰਵਿਧਾਨਿਕ ਤਰੀਕੇ ਨਾਲ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਇਸ ਸੰਘਰਸ਼ ਵਿੱਚ ਮੁਲਕ ਦੇ ਬਾਕੀ ਸੂਬਿਆਂ ਦੀਆਂ ਕਿਸਾਨ ਯੂਨੀਅਨਾਂ ਵੀ ਜੁੜਦੀਆਂ ਗਈਆਂ ਅਤੇ ਇਸ ਸੰਘਰਸ਼ ਨੇ ਇਕ ਬਹੁਤ ਵੱਡੇ ਅੰਦੋਲਨ ਦਾ ਰੂਪ ਅਖ਼ਤਿਆਰ ਕਰ ਲਿਆ। ਇਹ ਕਿਸਾਨੀ ਅੰਦੋਲਨ ਸਾਲ ਤੋਂ ਵੀ ਵੱਧ ਸਮਾਂ ਮੁਲਕ ਦੇ ਵੱਖੋ-ਵੱਖਰੇ ਸੂਬਿਆਂ ਵਿੱਚ ਮੁਜਾਹਰੇ ਅਤੇ ਧਰਨਿਆਂ 'ਤੇ ਬੈਠਦਾ ਰਿਹਾ, ਖ਼ਾਸ ਕਰਕੇ ਦਿੱਲੀ ਦੇ ਬਾਰਡਰਾਂ 'ਤੇ। ਇਸ ਸ਼ਾਂਤਮਈ ਅੰਦੋਲਨ ਨੇ ਸਰਕਾਰ ਦੇ ਸਾਰੇ ਤਸ਼ਦੱਦ ਸਹਿੰਦਿਆਂ ਹੋਇਆਂ ਧਰਨੇ ਜਾਰੀ ਰੱਖੇ। ਸਰਕਾਰ ਵੱਲੋਂ ਅਪਨਾਏ ਸਾਰੇ ਹੱਥਕੰਡੇ ਨਾਕਾਮ ਹੋਣ 'ਤੇ ਕੇਂਦਰ ਸਰਕਾਰ ਨੇ ਆਪਣੇ ਘੁਟਨੇ ਟੇਕਦਿਆਂ ਤਿੰਨੇ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦਾ ਐਲਾਨ ਕੀਤਾ ਅਤੇ ਲੋਕਸਭਾ ਅਤੇ ਰਾਜਸਭਾ ਵਿੱਚ ਪਾਸ ਕਰਕੇ ਰਾਸ਼ਟਰਪਤੀ ਤੋਂ ਮਨਜ਼ੂਰੀ ਲੈ ਲਈ।




ਐਨ.ਸੀ.ਪੀ ਦੇ ਸੁਪਰੀਮੋ ਸ੍ਰੀ ਸ਼ਰਦ ਚੰਦਰ ਪਵਾਰ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੂੰ ਦੁਸ਼ਾਲਾ ਭੇਟ ਕਰਕੇ ਸਨਮਾਨ ਕਰਦੇ ਹੋਏ।

ਸਿੰਘ ਸਭਾ ਦਾਦਰ ਨੇ ਆਪਣਾ ਫ਼ਰਜ਼ ਸਮਝਦਿਆਂ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਕਿਸਾਨ ਆਗੂ ਸ੍ਰ. ਬਲਬੀਰ ਸਿੰਘ ਰਾਜੇਵਾਲ ਨਾਲ ਟੈਲੀਫੋਨ 'ਤੇ ਇਸ ਸੰਘਰਸ਼ ਦੀ ਪੂਰੀ ਜਾਣਕਾਰੀ ਲਈ ਅਤੇ ਭਰੋਸਾ ਦਿੱਤਾ ਕਿ ਸਿੰਘ ਸਭਾ ਦਾਦਰ ਤੇ ਮੁੰਬਈ ਦੀ ਸਮੂੰਹ ਸਿੱਖ ਸੰਗਤ ਇਸ ਸੰਘਰਸ਼ ਵਿੱਚ ਮੋਢੇ ਨਾਲ ਮੋਢਾ ਲਾ ਕੇ ਖੜੀ ਹੈ। ਸਭਾ ਨੇ ਵਿਚਾਰ ਵਟਾਂਦਰੇ ਤੋਂ ਬਾਅਦ ਸਭਾ ਦੇ ਨੁਮਾਇੰਦੇ ਵੱਜੋਂ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ ਦੀ ਦਿੱਲੀ ਦੇ ਸਿੰਘੂ ਬਾਰਡਰ 'ਤੇ ਲਗੇ ਕਿਸਾਨ ਮੋਰਚੇ ਵਿੱਚ ਜਾਣ ਦੀ ਸੇਵਾ ਲਗਾਈ ਗਈ। ਇਸਦੇ ਨਾਲ ਹੀ ਠੰਡ ਦੇ ਮੌਸਮ ਨੂੰ ਧਿਆਨ ਵਿੱਚ ਰਖਦਿਆਂ ਸੱਤ ਲੱਖ ਰੁਪਏ ਦੇ ਬਾਡੀ ਵਾਰਮਰ ਭੇਜੇ ਗਏ।

ਇਸ ਸੰਘਰਸ਼ ਨੂੰ ਸਮਰਥਨ ਦੇਣ ਲਈ ਸਭਾ ਨੇ 4 ਦਸੰਬਰ 2020 ਨੂੰ ਮੁੰਬਈ ਅਤੇ ਨਾਲ ਲਗਦੇ ਇਲਾਕਿਆਂ ਦੇ ਗੁਰਦੁਆਰਿਆਂ ਦੇ ਮੁੱਖੀ, ਸਮੂੰਹ ਜੱਥੇਬੰਦੀਆਂ ਅਤੇ ਪਤਿਵੰਤੇ ਸੱਜਣਾਂ ਦੀ ਸਾਂਝੀ ਇਕੱਤਤਾ ਸੱਦੀ। ਇਸ ਇਕੱਤਤਾ ਵਿੱਚ ਇਹ ਫ਼ੈਸਲਾ ਹੋਇਆ ਕਿ ਮਿਤੀ 8 ਦਸੰਬਰ 2020 ਨੂੰ ਸ਼ਾਮ 3.00 ਵਜੇ ਤੋਂ 5.00 ਵਜੇ ਤੱਕ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਕ ਆਪਣੇ ਇਲਾਕਿਆਂ ਦੀ ਸੰਗਤਾਂ ਨਾਲ ਆਪਣੇ ਗੁਰਦੁਆਰਾ ਸਾਹਿਬ ਦੇ ਸਾਹਮਣੇ ਜਾਂ ਕਿਸੇ ਨੇੜ੍ਹਲੇ ਚੌਂਕ 'ਤੇ ਹਰੀਆਂ ਦਸਤਾਰਾਂ, ਬੀਬੀਆਂ ਗਲਿਆਂ ਵਿੱਚ ਹਰੇ ਦੁਪੱਟੇ ਪਾ ਕੇ ਸ਼ਾਂਤਮਈ ਢੰਗ ਨਾਲ ਹੱਥਾਂ ਵਿੱਚ ਸਲੋਗਨ ਦੀਆਂ ਤਖ਼ਤੀਆਂ/ਬੈਨਰ ਲੈ ਕੇ ਮਨੁੱਖੀ ਲੜੀ (Human chain) ਬਣਾ ਕੇ ਦੇਸ਼ ਦੇ ਕਿਸਾਨ ਭਰਾਵਾਂ ਵੱਲੋਂ ਲਗਾਏ ਗਏ ਮੋਰਚੇ ਦਾ ਸਮਰਥਨ ਕਰਨ। ਇਹ ਵੀ ਫ਼ੈਸਲਾ ਹੋਇਆ ਕਿ ਗੁਰਦੁਆਰਾ ਸਾਹਿਬਾਨਾਂ ਵਿੱਚ ਰੋਜ਼ਾਨਾ ਦੀਆਂ ਅਰਦਾਸਾਂ ਅਤੇ ਸੰਗਤਾਂ ਵੀ ਆਪਣੀ ਨਿਜੀ ਅਰਦਾਸਾਂ ਵਿੱਚ ਮੋਰਚੇ ਦੀ ਫ਼ਤਿਹ ਦੀ ਅਰਦਾਸ ਕਰਨ।

25 ਫਰਵਰੀ 2021 ਨੂੰ ਮਹਾਰਾਸ਼ਟਰਾ ਵਿੱਚ ਸੰਯੁਕਤ ਕਿਸਾਨ ਮੋਰਚਾ ਅਤੇ ਹੋਰ ਕਿਸਾਨ ਜੱਥੇਬੰਦੀਆਂ ਵੱਲੋਂ ਮੁੰਬਈ ਦੇ ਆਜ਼ਾਦ ਮੈਦਾਨ ਵਿੱਚ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿੱਚ ਇਕ ਵਿਸ਼ਾਲ ਰੈਲੀ ਕੀਤੀ ਗਈ। ਜਿਸ ਵਿੱਚ 30 ਤੋਂ 35 ਹਜ਼ਾਰ ਦੇ ਕਰੀਬ ਕਿਸਾਨਾਂ ਨੇ ਹਿੱਸਾ ਲਿਆ, ਜਿਨ੍ਹਾਂ ਦੇ 3 ਦਿਨ ਦੇ ਲੰਗਰ ਦਾ ਪ੍ਰਬੰਧ ਸਿੰਘ ਸਭਾ ਦਾਦਰ ਵੱਲੋਂ ਕੀਤਾ ਗਿਆ। ਇਸ ਮੌਕੇ 'ਤੇ ਐਨ.ਸੀ.ਪੀ ਦੇ ਸੁਪਰੀਮੋ ਸ੍ਰੀ ਸ਼ਰਦ ਚੰਦਰ ਪਵਾਰ ਨੇ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਦਾ ਦੁਸ਼ਾਲਾ ਭੇਟ ਕਰਕੇ ਸਨਮਾਨ ਕੀਤਾ।














# ਗੁਰਦੁਆਰਾ ਸਾਹਿਬ ਦਾਦਰ ਵਿਖੇ ਕਿਸਾਨ ਆਗੂ ਰਾਕੇਸ਼ ਟਿਕੈਤ ਦਾ ਸਨਮਾਨ ਕੀਤਾ ਗਿਆ

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ ਦੀ ਪ੍ਰਬੰਧਕ ਕਮੇਟੀ ਨੇ ਪ੍ਰਸਿੱਧ ਕਿਸਾਨ ਆਗੂ ਸ੍ਰੀ ਰਾਕੇਸ਼ ਟਿਕੈਤ ਦਾ ਗੁਰਦੁਆਰਾ ਸਾਹਿਬ ਪੁੱਜਣ 'ਤੇ ਸਭਾ ਵੱਲੋਂ ਉਹਨਾਂ ਦਾ ਅਤੇ ਉਹਨਾਂ ਦੇ ਸਾਥੀਆਂ ਨੂੰ ਜੀ ਆਇਆਂ ਆਖਦਿਆਂ ਗਰਮ ਜੋਸ਼ੀ ਨਾਲ ਸੁਆਗਤ ਕੀਤਾ। ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਮੁੰਬਈ ਅਤੇ ਸਮੂੰਹ ਮਹਾਰਾਸ਼ਟਰਾ ਦੀ ਸਿੱਖ ਸੰਗਤ ਇਸ ਚਲ ਰਹੇ ਕਿਸਾਨ ਅੰਦੋਲਨ ਦੇ ਨਾਲ ਮੋਢੇ ਨਾਲ ਮੋਢਾ ਡਾਹ ਕੇ ਖੜੀ ਹੈ। ਉਨ੍ਹਾਂ ਨੇ ਮੁੰਬਈ ਦੀ ਸਿੱਖ ਸੰਗਤ ਵੱਲੋਂ ਇਸ ਅੰਦੋਲਨ ਦੀ ਹਿਮਾਇਤ ਕਰਦਿਆਂ ਜੋ ਜੋ ਗਤੀਵਿਧੀਆਂ ਕੀਤੀਆਂ ਗਈਆਂ, ਉਹਨਾਂ ਦੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ।

ਸ੍ਰ. ਰਘਬੀਰ ਸਿੰਘ ਗਿੱਲ ਨੇ ਅੱਗੇ ਕਿਹਾ ਕਿ 26 ਜਨਵਰੀ ਦੀ ਲਾਲ ਕਿਲ੍ਹੇ ਦੀ ਘਟਨਾ ਤੋਂ ਬਾਅਦ ਜਿਸ ਤਰੀਕੇ ਨਾਲ ਢਹਿੰਦੇ ਜਾ ਰਹੇ ਅੰਦੋਲਨ ਨੂੰ ਟਿਕੈਤ ਜੀ ਨੇ ਮੁੜ ਤੋਂ ਆਪਣੇ ਪੈਰਾਂ 'ਤੇ ਖੜ੍ਹਾ ਕਰ ਦਿੱਤਾ ਉਹ ਬੇਮੀਸਾਲ ਵਾਕਿਆ ਹੈ। ਸ੍ਰ. ਗਿੱਲ ਨੇ ਇਹ ਵੀ ਕਿਹਾ ਕਿ ਬਾਕੀ ਦੀਆਂ ਮੰਗਾਂ ਦੇ ਨਾਲ-ਨਾਲ ਐਮ.ਐਸ.ਪੀ. ਦਾ ਕਾਨੂੰਨ ਬਣਨਾ ਵੀ ਅਤਿ ਜ਼ਰੂਰੀ ਹੈ, ਸਾਨੂੰ ਗੁਰੂ ਮਹਾਰਾਜ ਤੇ ਪੂਰਣ ਵਿਸ਼ਵਾਸ ਹੈ ਕਿ ਇਸ ਅੰਦੋਲਨ ਵਿੱਚ ਕਿਸਾਨਾਂ ਨੂੰ ਜਿੱਤ ਪ੍ਰਾਪਤ ਹੋਵੇਗੀ।

ਉਪਰੰਤ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਮੁੰਬਈ ਦੀ ਸਮੂੰਹ ਸੰਗਤ ਵੱਲੋਂ ਸ੍ਰੀ ਰਾਕੇਸ਼ ਟਿਕੈਤ ਅਤੇ ਉਹਨਾਂ ਦੇ ਨਾਲ ਆਏ ਸਾਥੀਆਂ ਨੂੰ ਗੁਰੂ ਘਰ ਦੀ ਅਸੀਸ ਵੱਜੋਂ ਸ਼ਾਲ, ਸ਼ੀਲਡ ਤੇ ਸ੍ਰੀ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ।

ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੇਰੇ ਲਈ ਇਹ ਬਹੁਤ ਹੀ ਮਾਣ ਦੀ ਗੱਲ ਹੈ ਕਿ ਅੱਜ ਦੀ ਕਿਸਾਨ-ਮਜ਼ਦੂਰ ਰੈਲੀ 'ਚ ਜਾਣ ਤੋਂ ਪਹਿਲਾਂ ਗੁਰੂ-ਘਰ 'ਚ ਅਸ਼ੀਰਵਾਦ ਲੈਣ ਦਾ ਮੌਕਾ ਮਿਲਿਆ। ਸ੍ਰੀ ਰਾਕੇਸ਼ ਟਿਕੈਤ ਨੇ ਸਰਕਾਰ ਦੀ ਨੀਅਤ ਦੀ ਗੱਲ ਕਰਦਿਆਂ ਕਿਹਾ ਕਿ ਰੋਟੀ ਨੂੰ ਡੱਬੇ 'ਚ ਬੰਦ ਕਰ ਕੇ ਵਿਓਪਾਰ ਨਹੀਂ ਹੋਣ ਦਿਆਂਗੇ।



ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਦੇ ਨਾਲ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ, ਸਕੱਤਰ ਸ੍ਰ. ਬਲਬੀਰ ਸਿੰਘ ਬਾਠ, ਜੂਨੀਅਰ ਮੀਤ ਪ੍ਰਧਾਨ ਸ੍ਰ. ਸੁਖਵਿੰਦਰ ਸਿੰਘ ਰੰਧਾਵਾ ਅਤੇ ਅੰਤ੍ਰਿਗ ਕਮੇਟੀ ਮੈਂਬਰ ਸ੍ਰ. ਅਮਰਜੀਤ ਸਿੰਘ ਸੰਧੂ ਕਿਸਾਨ ਆਗੂ ਸ੍ਰੀ ਰਾਕੇਸ਼ ਟਿਕੈਤ ਦਾ ਦੁਸ਼ਾਲਾ, ਸ੍ਰੀ ਸਾਹਿਬ ਅਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਸਨਮਾਨ ਕਰਦੇ ਹੋਏ।

# ਆਜ਼ਾਦ ਮੈਦਾਨ ਵਿੱਚ ਹੋਈ ਕਿਸਾਨ ਤੇ ਮਜ਼ਦੂਰ ਰੈਲੀ 'ਚ ਦਿੱਲੀ ਤੋਂ ਪੁੱਜੇ ਕਿਸਾਨ ਆਗੂਆਂ ਦਾ ਸਿੰਘ ਸਭਾ ਦਾਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਨਮਾਨ ਕੀਤਾ ਗਿਆ




ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ ਪੁਰਬ ਦੇ ਮੌਕੇ 'ਤੇ ਕਿਸਾਨਾਂ ਲਈ ਬਣਾਏ ਤਿੰਨੋਂ ਕਾਲੇ ਖੇਤੀ ਕਾਨੂੰਨਾਂ ਨੂੰ ਵਾਪਸ ਲਏ ਜਾਣ ਦਾ ਪ੍ਰਧਾਨ ਮੰਤਰੀ ਵੱਲੋਂ ਐਲਾਨ ਕਰਨ ਤੋਂ ਬਾਅਦ ਕਿਸਾਨਾਂ ਅੰਦਰ ਇਕ ਖ਼ੁਸ਼ੀ ਦੀ ਲਹਿਰ ਦੌੜ ਜਾਣ ਦੇ ਬਾਵਜੂਦ ਕਿਸਾਨ ਸੰਘਰਸ਼ ਕਮੇਟੀ ਵੱਲੋਂ ਬਾਕੀ ਦੀਆਂ ਮੰਗਾਂ ਲਈ ਦਿੱਲੀ ਦੇ ਬਾਰਡਰਾਂ 'ਤੇ ਲੱਗਿਆ ਮੋਰਚਾ ਜਾਰੀ ਰਿਹਾ। ਇਸੇ ਸੰਦਰਭ ਵਿੱਚ ਮਹਾਰਾਸ਼ਟਰਾ ਵਿੱਚ ਮੁੰਬਈ ਦੇ ਆਜ਼ਾਦ ਮੈਦਾਨ 'ਚ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਇਕ ਵਿਸ਼ਾਲ ਕਿਸਾਨ ਤੇ ਮਜ਼ਦੂਰ ਰੈਲੀ ਦਾ ਆਯੋਜਨ 28 ਨਵੰਬਰ 2021 ਨੂੰ ਕੀਤਾ ਗਿਆ। ਇਸ ਮੌਕੇ 'ਤੇ ਕਿਸਾਨ ਅੰਦੋਲਨ ਵਿੱਚ ਮਹਾਰਾਸ਼ਟਰਾ ਤੋਂ ਆਏ ਆਗੂਆਂ ਤੋਂ ਇਲਾਵਾ ਦਿੱਲੀ ਤੋਂ ਡਾ. ਦਰਸ਼ਨ ਪਾਲ, ਸ੍ਰੀ ਯੋਗਿੰਦਰ ਯਾਦਵ, ਸ੍ਰੀ ਯੁਧਵੀਰ ਸਿੰਘ, ਸ੍ਰੀਮਤੀ ਜਸਬੀਰ ਕੌਰ ਨੱਤ, ਲਖੀਮਪੁਰ ਖੀਰੀ ਦੇ ਵਿਧਾਇਕ ਕਿਸਾਨ ਆਗੂ ਸ੍ਰ. ਤੇਜਿੰਦਰ ਸਿੰਘ ਵਿਰਕ ਤੇ ਪ੍ਰਸਿੱਧ ਸਮਾਜ ਸੇਵਿਕਾ ਸ੍ਰੀਮਤੀ ਮੇਧਾ ਪਾਟਕਰ ਹਾਜ਼ਿਰ ਸਨ।

ਆਜ਼ਾਦ ਮੈਦਾਨ ਦੀ ਵਿਸ਼ਾਲ ਸਟੇਜ 'ਤੇ ਸਭਾ ਦੇ ਅਹੁਦੇਦਾਰ, ਕਮੇਟੀ ਮੈਂਬਰਾਂ ਸਮੇਤ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਹਾਜ਼ਰ ਸਨ। ਸਭਾ ਵੱਲੋਂ ਇਸ ਮੌਕੇ 'ਤੇ ਮੰਚ 'ਤੇ ਬਿਰਾਜਮਾਨ ਸਾਰੇ ਕਿਸਾਨ ਆਗੂਆਂ ਨੂੰ ਦੁਸ਼ਾਲੇ ਅਤੇ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਿੰਘ ਸਭਾ ਦਾਦਰ ਵੱਲੋਂ ਰੈਲੀ ਵਿੱਚ ਪੁੱਜੇ ਸਮੂੰਹ ਅੰਦੋਲਨਕਾਰੀਆਂ ਲਈ ਨਾਸ਼ਤੇ ਤੇ ਚਾਹ ਦੇ ਲੰਗਰ ਦਾ ਵੀ ਪ੍ਰਬੰਧ ਕੀਤਾ ਗਿਆ।




मोर्चा महाराष्ट्र


मोर्चा महाराष्ट्र
फुले यांच्या स्मृतीदिन आणि किसान आंदोलनाच्या वर्षपूर्ती निमित्त













ਲਖੀਮਪੁਰ ਖੀਰੀ ਵਿਖੇ ਅਸ਼ੀਸ਼ ਮਿਸ਼ਰਾ ਟੈਨੀ ਵੱਲੋਂ ਆਪਣੀ ਜੀਪ ਨਾਲ ਸ਼ਹੀਦ ਕੀਤੇ ਕਿਸਾਨਾਂ ਦੀਆਂ ਅਸਥੀਆਂ, ਜਿਨ੍ਹਾਂ ਦਾ ਭਾਰਤ ਦੇ ਕਈ ਹਿੱਸਿਆਂ ਵਿੱਚ ਭਰਮਣ ਕਰਵਾਉਂਦਿਆਂ ਹੋਇਆਂ 28 ਨਵੰਬਰ 2021 ਨੂੰ ਹੋਈ ਰੈਲੀ ਉਪਰੰਤ ਮੁੰਬਈ ਵਿਖੇ ਹੀ ਗੇਟਵੇ ਆਫ਼ ਇੰਡੀਆ ਦੇ ਨੇੜੇ ਜਲ ਪ੍ਰਵਾਹ ਕੀਤਾ ਗਿਆ, ਇਸ ਸਮੇਂ ਰਾਕੇਸ਼ ਟਿਕੈਤ ਸਮੇਤ ਕਈ ਕਿਸਾਨ ਆਗੂ ਹਾਜ਼ਰ ਸਨ।




ਲਖੀਮਪੁਰ ਖੀਰੀ ਵਿੱਚ ਹੋਏ ਸ਼ਹੀਦਾਂ ਦੀਆਂ ਅਸਥੀਆਂ ਚੈਤਯ ਭੂਮੀ ਸ਼ਿਵਾਜੀ ਪਾਰਕ ਪਹੁੰਚਣ 'ਤੇ ਸ੍ਰ. ਮਨਮੋਹਨ ਸਿੰਘ ਰੱਤੀ, ਸ੍ਰ. ਕੁਲਵੰਤ ਸਿੰਘ ਅਤੇ ਸ੍ਰ. ਬਲਬੀਰ ਸਿੰਘ ਬਾਠ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ।

V V V V V V V V

## ਸ਼ਿਲਾਂਗ ਦੇ ਸਿੱਖਾਂ ਦੀ ਚੜ੍ਹਦੀ ਕਲਾ ਲਈ ਸਿੰਘ ਸਭਾ ਦਾਦਰ ਦੇ ਸੱਦੇ 'ਤੇ ਮੁੰਬਈ ਦੇ ਸਮੂੰਹ ਗੁਰਦੁਆਰਾ ਸਾਹਿਬਾਨ ਵੱਲੋਂ ਅਰਦਾਸ ਕੀਤੀ ਗਈ

ਮੇਘਾਲਿਆ ਸਰਕਾਰ ਵੱਲੋਂ ਗ਼ੈਰ-ਕਾਨੂੰਨੀ ਢੰਗ ਨਾਲ ਆਪਣੇ ਘਰਾਂ ਦੇ ਉਜਾੜਾਂ ਦਾ ਸਾਹਮਣਾ ਕਰ ਰਹੇ ਸ਼ਿਲਾਂਗ ਦੇ ਸਿੱਖਾਂ ਦੀ ਸੁਰੱਖਿਆ, ਭਲਾਈ ਅਤੇ ਹੱਕਾਂ ਦੀ ਬਹਾਲੀ ਲਈ ਸਿੰਘ ਸਭਾ ਦਾਦਰ ਵੱਲੋਂ ਮੁੰਬਈ ਦੇ ਸਮੂੰਹ ਗੁਰਦੁਆਰਾ ਸਾਹਿਬਾਨ ਨੂੰ ਐਤਵਾਰ 14 ਨਵੰਬਰ 2021 ਨੂੰ ਅਰਦਾਸ ਕਰਨ ਅਤੇ ਉੱਥੋਂ ਦੇ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਇਕ ਜਾਗਰੂਕਤਾ ਮੁਹਿੰਮ ਹਰ ਤਰਫ਼ ਸ਼ੁਰੂ ਕਰਨ ਦੀ ਅਪੀਲ ਕੀਤੀ ਗਈ। ਗੁਰਦੁਆਰਾ ਸਾਹਿਬ ਦਾਦਰ ਵਿਖੇ ਵੀ ਸਵੇਰ ਦੇ ਦੀਵਾਨ ਵਿੱਚ ਸ਼ਿਲਾਂਗ ਦੇ ਸਿੱਖਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਗਈ।

# ਕੋਵਿਡ-19 ਮਹਾਂਮਾਰੀ ਦੌਰਾਨ ਸਿੰਘ ਸਭਾ ਦਾਦਰ ਵੱਲੋਂ ਹੋਈਆਂ ਸੇਵਾਵਾਂ

ਕੋਵਿਡ ਮਹਾਂਮਾਰੀ ਨੇ ਮਾਰਚ 2020 ਤੋਂ ਇਸ ਧਰਤੀ 'ਤੇ ਆਪਣੇ ਪੈਰ ਪੂਰੀ ਤਰ੍ਹਾਂ ਫੈਲਾਣੇ ਸ਼ੁਰੂ ਕਰ ਦਿੱਤੇ ਸਨ ਅਤੇ ਭਾਰਤ ਸਰਕਾਰ ਵੱਲੋਂ ਇਸ ਕਰੋਨਾ ਵਾਇਰਸ ਦੀ ਰੋਕਥਾਮ ਲਈ ਇਕ ਆਦੇਸ਼ ਜਾਰੀ ਕਰਦਿਆਂ ਪੂਰੇ ਦੇਸ਼ ਵਿੱਚ ਪੂਰਨ ਤੌਰ 'ਤੇ 22 ਮਾਰਚ 2020 ਤੋਂ ਲਾਕਡਾਊਨ ਲਗਾ ਦਿੱਤਾ, ਜਿਸ ਦੇ ਨਤੀਜੇ ਵੱਜੋਂ ਪੂਰੇ ਮੁਲਕ ਵਿੱਚ ਹਰੇਕ ਵਿਅਕਤੀ ਆਪਣੇ ਘਰਾਂ ਅੰਦਰ ਕੈਦ ਹੋ ਕੇ ਰਹਿ ਗਿਆ। ਹਰੇਕ ਕਾਰੋਬਾਰ ਥਮ ਗਿਆ, ਸਰਕਾਰੀ, ਨਿੱਜੀ ਅਦਾਰਿਆਂ ਵਿੱਚ ਨੌਕਰੀ ਪੇਸ਼ਾ ਲੋਕ ਵੀ ਆਪਣੇ ਘਰੋਂ ਘਰੀ ਬੈਠ ਗਏ। ਇਸ ਲਾਕਡਾਊਨ ਦੀ ਮਾਰ ਜੇ ਸਭ ਤੋਂ ਜ਼ਿਆਦਾ ਝੇਲਣੀ ਪਈ ਤਾਂ ਉਹ ਮਜ਼ਦੂਰ ਵਰਗ ਨੂੰ ਖ਼ਾਸ ਕਰਕੇ ਨਿਚਲੇ ਵਰਗ ਦੇ ਮਜ਼ਦੂਰਾਂ 'ਤੇ ਇਸ ਦਾ ਬਹੁਤ ਹੀ ਭੈੜਾ ਅਸਰ ਪਿਆ। ਆਪਾਂ ਦੇਖਿਆ ਹੈ, ਉਸ ਵਕਤ ਇਸ ਕਤਾਰ ਦੇ ਲੋਕਾਂ ਕੋਲ ਪੇਟ ਭਰਨ ਲਈ ਕੋਈ ਵਸੀਲਾ ਨਹੀਂ ਸੀ। ਲੋਕ ਪੈਦਲ ਹੀ ਪਰਿਵਾਰਾਂ ਸਮੇਤ ਆਪਣੇ ਪਿੰਡਾਂ ਨੂੰ, ਦੇਸ਼ਾਂ ਨੂੰ ਜਾ ਰਹੇ ਸਨ। ਰਸਤੇ ਵਿੱਚ ਵੀ ਉਹਨਾਂ ਲਈ ਖਾਣ-ਪੀਣ ਤੇ ਵਾਹਨਾਂ ਦੇ ਕੋਈ ਸਾਧਨ ਮੌਜੂਦ ਨਹੀਂ ਸਨ।

ਐਸੇ ਭਿਆਨਕ ਸਮੇਂ ਵਿੱਚ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ: ਰਘਬੀਰ ਸਿੰਘ ਗਿੱਲ ਨੇ ਆਪਣੀ ਕਮੇਟੀ ਨਾਲ ਫੌਰੀ ਤੌਰ 'ਤੇ ਟੈਲੀਫ਼ੋਨਾਂ ਰਾਹੀਂ ਵਿਚਾਰ-ਵਟਾਂਦਰਾ ਕਰਕੇ ਐਸੇ ਮਜ਼ਦੂਰਾਂ ਅਤੇ ਹੋਰ ਲੋੜਵੰਦਾਂ ਲਈ ਬਗ਼ੈਰ ਕਿਸੇ ਵਿਤਕਰੇ ਤੋਂ ਲੰਗਰ ਪਹੁੰਚਾਉਣ ਦਾ ਫੈਸਲਾ ਲਿਆ। ਉਸੇ ਸਮੇਂ ਬੀ.ਐਮ.ਸੀ. ਦੇ ਵਾਰਡ ਨੰ: ਐਫ ਸਾਉਥ ਅਤੇ ਐਲ ਵਾਰਡ ਵੱਲੋਂ ਉਨ੍ਹਾਂ ਦੇ ਵਾਰਡਾਂ ਵਿੱਚ ਫਸੇ ਮਜ਼ਦੂਰ ਤਬਕਾ ਅਤੇ ਹੋਰ ਲੋੜਵੰਦ ਪਰਿਵਾਰਾਂ ਲਈ ਲੰਗਰ ਮੁਹੱਈਆ ਕਰਨ ਦੀ ਮੰਗ ਆਈ। ਇਸ ਮੰਗ 'ਤੇ ਤੁਰੰਤ ਅਮਲ ਕਰਦਿਆਂ ਸਭਾ ਵੱਲੋਂ ਲੰਗਰ ਦੇਣ ਦੀ ਹਾਮੀ ਭਰ ਦਿੱਤੀ ਗਈ। ਇਸ ਦੇ ਨਾਲ ਹੀ ਹੋਰ ਵੀ ਬਹੁਤ ਸਾਰੇ ਇਲਾਕਿਆਂ ਤੇ ਐਨ.ਜੀ.ਓ. ਤੋਂ ਲੰਗਰ ਦੀ ਮੰਗ ਆਉਣੀ ਸ਼ੁਰੂ ਹੋ ਗਈ। ਪ੍ਰਧਾਨ ਸਾਹਿਬ ਦੀ ਦੇਖ-ਰੇਖ ਵਿੱਚ ਸਭਾ ਨੇ ਸੇਵਕ ਜੱਥਾ ਦਾਦਰ ਨਾਲ ਸਲਾਹ ਕਰਕੇ ਲੰਗਰ ਤਿਆਰ ਕਰਨ ਦਾ ਪੂਰਾ ਪ੍ਰਬੰਧ ਕਰ ਲਿਆ।



ਰੋਜ਼ਾਨਾ ਸਵੇਰੇ-ਸ਼ਾਮ ਹਜ਼ਾਰ ਤੋਂ ਵੱਧ ਫੂਡ ਪੈਕੇਟ ਤਿਆਰ ਕਰਕੇ ਉਪਰੋਕਤ ਦੋਨੋਂ ਵਾਰਡਾਂ ਨੂੰ ਦਿੱਤੇ ਜਾਂਦੇ ਸਨ ਅਤੇ ਇਸ ਤੋਂ ਇਲਾਵਾ ਤਕਰੀਬਨ ਤਿੰਨ ਤੋਂ ਚਾਰ ਹਜ਼ਾਰ ਬੰਦਿਆਂ ਦਾ ਲੰਗਰ ਐਨ.ਜੀ.ਓ. ਲਿਜਾ ਕੇ ਆਪਣੇ ਇਲਾਕਿਆਂ ਵਿੱਚ ਵੰਡਦੇ ਸਨ। ਇਸ ਤੋਂ ਇਲਾਵਾ ਬੀ.ਐਮ.ਸੀ. ਦੇ ਹੈੱਡ ਆਫ਼ਿਸ ਅਤੇ ਬਹੁਤ ਸਾਰੇ ਹਸਪਤਾਲਾਂ ਦੇ ਸਟਾਫ਼ ਨੂੰ ਲਗਾਤਾਰ ਖਾਣੇ ਦੇ ਪੈਕਟ ਜਾਂਦੇ ਰਹੇ। ਇਹ ਸੇਵਾ ਤਕਰੀਬਨ ਦੋ ਮਹੀਨੇ ਬਗ਼ੈਰ ਨਾਗੇ ਦੇ ਚਲੀ। ਇਸ ਦੌਰਾਨ ਸੇਵਕ ਜੱਥਾ ਦਾਦਰ ਦੇ ਬਹੁਤ ਸਾਰੇ ਮੈਂਬਰਾਂ ਅਤੇ ਬੀਬੀਆਂ ਨੇ ਗੁਰਦੁਆਰਾ ਸਾਹਿਬ ਦਾਦਰ ਵਿਖੇ ਆਪਣੀ ਰਿਹਾਇਸ਼ ਰੱਖੀ । ਗੁਰੂ ਤੇਗ਼ ਬਹਾਦੁਰ ਨਗਰ ਸਾਇਨ ਤੋਂ ਬੀਰ ਖ਼ਾਲਸਾ ਦਲ ਦੇ ਮੈਂਬਰ ਅਤੇ ਬਹੁਤ ਸਾਰੀ ਸੰਗਤ ਸਵੇਰੇ-ਸ਼ਾਮ ਗੁਰਦੁਆਰਾ ਸਾਹਿਬ ਦਾਦਰ ਪਹੁੰਚ ਕੇ ਇਸ ਲੰਗਰ ਨੂੰ ਪੈਕ ਕਰਨ ਦੀ ਸੇਵਾ ਨਿਭਾਉਂਦੀ ਰਹੀ। ਕੁਝ ਇਕ ਹੋਰ ਉਤਲੇ ਕੰਮਾਂ ਲਈ ਲੇਬਰ ਵੀ ਰੱਖੀ ਜੋ ਉਤਨੇ ਦਿਨ ਗੁਰਦੁਆਰਾ ਸਾਹਿਬ ਵਿਖੇ ਠਹਿਰੀ।

ਸਭਾ ਦੇ ਪ੍ਰਧਾਨ, ਅਹੁਦੇਦਾਰਾਂ ਸਮੇਤ ਕਈ ਕਮੇਟੀ ਮੈਂਬਰਾਂ ਅਤੇ ਹੋਰ ਦੂਰੋਂ-ਨੇੜਿਓਂ ਸ਼ਹਿਰ ਦੇ ਪਤਵੰਤੇ ਸੱਜਣਾਂ ਨੇ ਵੀ ਪਹੁੰਚ ਕੇ ਇਸ ਚਲ ਰਹੀ ਸੇਵਾ ਵਿੱਚ ਤਨ-ਮਨ-ਧਨ ਨਾਲ ਯੋਗਦਾਨ ਪਾਇਆ। ਬਹੁਤ ਸਾਰੇ ਦਾਨੀ ਸੱਜਣਾਂ ਨੇ ਚਲ ਰਹੀ ਸੇਵਾ ਨੂੰ ਦੇਖਦਿਆਂ ਰਸਦ ਤੇ ਮਾਇਆ ਦੇ ਕੇ ਇਸ ਸੇਵਾ ਵਿੱਚ ਹਿੱਸਾ ਪਾਇਆ। ਅਸੀਂ ਇੱਥੇ ਦੱਸਣਾ ਚਾਹੁੰਦੇ ਹਾਂ ਕਿ ਸ਼ਹਿਰ ਵਿੱਚ ਪੂਰਨ ਲਾਕਡਾਊਨ ਹੋਣ ਦੇ ਕਾਰਣ ਬਗ਼ੈਰ ਸਰਕਾਰੀ ਇਜਾਜ਼ਤ ਤੋਂ ਘਰੋਂ ਬਾਹਰ ਨਿਕਲਣਾ ਨਾਮੁਮਕਿਨ ਸੀ, ਇਸਦਾ ਹੱਲ ਕੱਢਦਿਆਂ,



ਇੱਛੁਕ ਸੰਗਤਾਂ ਜੋ ਸੇਵਾ ਵਿੱਚ ਹਿੱਸਾ ਲੈਣਾ ਚਾਹੁੰਦੀਆਂ ਸਨ, ਉਨ੍ਹਾਂ ਲਈ ਸਭਾ ਨੇ ਸਰਕਾਰੀ ਪਾਸ ਬਣਾ ਕੇ ਦਿੱਤੇ।

ਇਸ ਦੇ ਨਾਲ ਹੀ ਲੋੜਵੰਦ ਸਿੱਖ ਪਰਿਵਾਰਾਂ ਨੂੰ ਸੁੱਕੇ ਰਾਸ਼ਨ ਦੀਆਂ ਕਿੱਟਾਂ 4 ਮਹੀਨਿਆਂ ਤੱਕ ਦਿੱਤੀਆਂ ਗਈਆਂ, ਜਿਸ ਵਿੱਚ ਆਟਾ, ਦਾਲਾਂ, ਚਾਵਲ, ਖੰਡ, ਤੇਲ, ਨਮਕ, ਚਾਹ ਪੱਤੀ ਆਦਿ ਸ਼ਾਮਿਲ ਸਨ।

ਸਾਲ 2021 ਵਿੱਚ ਜਦੋਂ ਕਰੋਨਾ ਵਾਇਰਸ ਦੀ ਦੂਸਰੀ ਲਹਿਰ ਦਾ ਪ੍ਰਕੋਪ ਬਹੁਤ ਵੱਡੇ ਪੱਧਰ ‘ਤੇ ਫੈਲਿਆ ਤਾਂ ਉਸ ਵਕਤ ਸਥਿਤੀ ਬਹੁਤ ਹੀ ਗੰਭੀਰ ਅਤੇ ਭਿਆਨਕ ਬਣ ਗਈ ਸੀ। ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਬੈੱਡ ਮਿਲਣੇ ਮੁਸ਼ਕਿਲ ਹੋ ਗਏ ਸਨ। ਐਸੇ ਸਮੇਂ ਵਿੱਚ ਗੁਰੂ ਨਾਨਕ ਹਾਸਪੀਟਲ-ਬਾਂਦਰਾ ਵਿਖੇ ਬੀ.ਐਮ.ਸੀ. ਨੇ ਕੋਵਿਡ ਮਰੀਜ਼ਾਂ ਲਈ ਅੱਧਾ ਹਸਪਤਾਲ ਆਪਣੇ ਅਧੀਨ ਲਿਆ ਸੀ, ਜਿਸ ਵਿੱਚੋਂ ਉਸ ਵਕਤ ਸਭਾ ਨੇ ਉਸ ਵਕਤ ਦੇ ਹਸਪਤਾਲ ਦੇ ਚੇਅਰਮੈਨ ਸ੍ਰ. ਸਰਬਜੀਤ ਸਿੰਘ ਰੇਸ਼ਮ ਸਿੰਘ ਨੂੰ ਸੁਝਾਓ ਦਿੱਤਾ ਕਿ ਜੋ ਬੈੱਡ ਤੁਸੀਂ ਕੋਵਿਡ ਮਰੀਜ਼ਾਂ ਲਈ ਦਿੱਤੇ ਹਨ, ਉਹਨਾਂ ਵਿੱਚੋਂ ਅੱਧੇ ਬੈੱਡ ਕੌਮ ਲਈ ਰਾਖਵੇਂ ਰੱਖੇ ਜਾਣ। ਦੇਖਣ ਵਿੱਚ ਆਇਆ ਕਿ ਜਦੋਂ ਇਹ ਮਹਾਂਮਾਰੀ ਪੂਰੇ ਜ਼ੋਰਾਂ ‘ਤੇ ਸੀ ਉਸ ਵਕਤ ਬਹੁਤ ਸਾਰੇ ਸਿੱਖ ਪਰਿਵਾਰਾਂ ਦਾ ਵੀ ਉੱਥੇ ਇਲਾਜ ਹੋਇਆ, ਜਿਨ੍ਹਾਂ ਵਿੱਚੋਂ ਤਕਰੀਬਨ ਸਾਰੇ ਹੀ ਠੀਕ ਹੋ ਕੇ ਆਪਣੇ ਘਰਾਂ ਨੂੰ ਪਰਤੇ। ਸਭਾ ਦੇ ਪ੍ਰਬੰਧਕਾਂ ਦੀ ਜਾਣਕਾਰੀ ਵਿੱਚ ਇਹ ਵੀ ਆਇਆ ਕਿ ਕੋਵਿਡ ਦੇ ਇਲਾਜ ਤੋਂ ਬਾਅਦ ਮਰੀਜ਼ ਨੂੰ ਘਰ ਵਿੱਚ ਵੀ ਕੁਝ ਦਿਨਾਂ ਲਈ ਆਕਸੀਜਨ ਦੀ ਲੋੜ ਪੈਂਦੀ ਹੈ । ਇਸ ‘ਤੇ ਵਿਚਾਰਦਿਆਂ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ: ਕੁਲਵੰਤ ਸਿੰਘ ਦੀ ਆਕਸੀਜਨ ਸਿਲੰਡਰਾਂ ਦਾ ਪ੍ਰਬੰਧ ਕਰਨ ਦੀ ਸੇਵਾ ਲਗਾਈ ਗਈ। ਸ਼ੁਰੂਆਤ ਸਮੇਂ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਸਿਲੈਂਡਰ ਲਿਆ ਕੇ ਇਹ ਸੇਵਾ ਸ਼ੁਰੂ ਕੀਤੀ ਗਈ ਤੇ ਨਾਲ ਹੀ 20 ਮੀਡੀਅਮ ਅਤੇ 8 ਜੰਬੋ ਸਾਈਜ਼ ਦੇ ਸਿਲੰਡਰ ਕਿੱਟਾਂ ਸਮੇਤ ਖ਼ਰੀਦੇ ਗਏ। ਡਾਕਟਰ ਦੀ ਹਿਦਾਇਤ/ਡਿਸਚਾਰਜ ਰਿਪੋਰਟ, ਆਧਾਰ ਕਾਰਡ ਅਤੇ ਨਾ-ਮਾਤਰ ਰਿਫੰਡੇਬਲ ਡਿਪਾਜ਼ਿਟ ਲੈ ਕੇ ਇਹ ਸਿਲੈਂਡਰ ਬਿਨਾ ਕਿਸੇ ਭੇਦ-ਭਾਵ ਦੇ ਲੋੜਵੰਦ ਮਰੀਜ਼ਾਂ ਨੂੰ ਦਿੱਤੇ ਗਏ। ਕੁਝ ਇਕ ਪਰਿਵਾਰਾਂ ਦੇ ਮਰੀਜ਼ਾਂ ਨੂੰ ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ ਦੇ ਸੇਵਾਦਾਰਾਂ ਨੇ ਸਿੰਘ ਸਭਾ ਦਾਦਰ ਤੋਂ ਸਿਲੰਡਰ ਪ੍ਰਾਪਤ ਕਰਕੇ ਦਿਨ-ਰਾਤ ਦੀ ਪਰਵਾਹ ਨਾ ਕਰਦਿਆਂ ਹੋਇਆਂ ਘਰੋਂ-ਘਰੀਂ ਜਾ ਕੇ ਇਨਸਟਾਲ ਕਰ ਕੇ ਦਿੱਤੇ। ਸਭਾ ਦੇ ਸਕੱਤਰ ਸ੍ਰ. ਬਲਬੀਰ ਸਿੰਘ ਬਾਠ, ਸੁਪ੍ਰਿਨਟੈਂਡੈਂਟ ਸ੍ਰ: ਸਵਿੰਦਰ ਸਿੰਘ ਅਤੇ ਮੁਸਾਫ਼ਰ ਖ਼ਾਨਾ ਇੰਚਾਰਜ ਸ੍ਰ: ਜਸਬੀਰ ਸਿੰਘ ਦਾ ਇਸ ਸੇਵਾ ਵਿੱਚ ਅਹਿਮ ਯੋਗਦਾਨ ਰਿਹਾ।



ਸੀਨੀਅਰ ਮੀਤ ਪ੍ਰਧਾਨ ਸ੍ਰ: ਕੁਲਵੰਤ ਸਿੰਘ ਨੇ ਖ਼ਾਲਸਾ ਏਡ ਇੰਟਰਨੈਸ਼ਨਲ ਦੇ ਮੁਖੀ ਸ੍ਰ: ਰਵੀ ਸਿੰਘ ਨਾਲ ਸੰਪਰਕ ਕਰਕੇ 153 ਆਕਸੀਜਨ ਕਾਂਸਨਟ੍ਰੇਟਰ ਗੁਰਦੁਆਰਾ ਸਾਹਿਬ ਦਾਦਰ ਵਿਖੇ ਕੋਵਿਡ ਮਰੀਜ਼ਾਂ ਦੀ ਸਹਾਇਤਾ ਲਈ ਮੰਗਵਾਏ, ਜਿਨ੍ਹਾਂ ਦਾ ਮੁੰਬਈ ਅਤੇ ਨਾਲ ਨਗਦੇ ਇਲਾਕੇ ਦੇ ਵਿੱਚ ਰਹਿੰਦੇ ਬਹੁਤ ਸਾਰੇ ਮਰੀਜ਼ਾਂ ਨੇ ਲਾਭ ਉਠਾਇਆ। ਇਹਨਾਂ ਕਾਂਸਨਟ੍ਰੇਟਰਾਂ ਵਿੱਚੋਂ ਕੁਝ

ਕਾਂਸਨਟ੍ਰੇਟਰ ਸਾਂਗਲੀ ਵਿਖੇ ਹਸਪਤਾਲ ਵਿੱਚ ਉੱਥੋਂ ਦੇ ਪ੍ਰਬੰਧਕਾਂ ਦੀ ਮੰਗ ‘ਤੇ ਦਿੱਤੇ ਗਏ। ਹੁਣ ਵੀ ਇਹ ਸਾਰੀਆਂ ਸੇਵਾਵਾਂ ਨਿਰੰਤਰ ਚਲ ਰਹੀਆਂ ਹਨ। ਇਸ ਦੂਸਰੀ ਲਹਿਰ ਦੌਰਾਨ ਵੀ ਬਹੁਤ ਸਾਰੇ ਸਿੱਖ ਪਰਿਵਾਰਾਂ ਨੂੰ ਰਾਸ਼ਨ ਦੀਆਂ ਕਿੱਟਾਂ ਦਿੱਤੀਆਂ ਗਈਆਂ।

ਕੋਵਿਡ ਮਹਾਂਮਾਰੀ ਦੌਰਾਨ ਇਹ ਸਾਰੀਆਂ ਸੇਵਾਵਾਂ ਦੇ ਚਲਦਿਆਂ ਲੋੜਵੰਦ ਵਿਦਿਆਰਥੀਆਂ ਵੱਲੋਂ ਫ਼ੀਸਾਂ ਭਰਨ ਲਈ ਆਈਆਂ ਅਰਜ਼ੀਆਂ ‘ਤੇ ਅਮਲ ਕਰਦਿਆਂ ਸਭਾ ਵੱਲੋਂ ਫ਼ੀਸਾਂ ਭਰੀਆਂ ਗਈਆਂ। ਇਸਦੇ ਨਾਲ ਹੀ ਲੋੜਵੰਦਾਂ ਨੂੰ ਮੈਡੀਕਲ ਸਹਾਇਤਾ ਵੀ ਦਿੱਤੀ ਗਈ। ਐਸੇ ਮੁਸ਼ਕਿਲ ਹਾਲਾਤਾਂ ਵਿੱਚ ਇਹ ਸਾਰੀਆਂ ਸੇਵਾਵਾਂ ਅਕਾਲ ਪੁਰਖ ਦੀ ਕਿਰਪਾ ਅਤੇ ਸੰਗਤਾਂ ਦੇ ਸਹਿਯੋਗ ਤੋਂ ਬਿਨਾਂ ਅਸੰਭਵ ਸਨ।

ਗੁਰੂ ਨਾਨਕ ਦਰਬਾਰ ਸਿੱਖ ਟੈਂਪਲ ਦੁਬਈ ਦੇ ਚੇਅਰਮੈਨ ਸ੍ਰ. ਸੁਰਿੰਦਰ ਸਿੰਘ ਕੰਧਾਰੀ ਵੱਲੋਂ ਗੁਰਦੁਆਰਾ ਸਾਹਿਬ ਦਾਦਰ ਨੂੰ 50 ਆਕਸੀਜ਼ਨ ਕਨਸੈਂਟਰੇਟਰ ਭੇਜੇ ਗਏ, ਜਿਸਦਾ ਕਰੋਨਾ ਦੀ ਦੂਸਰੀ ਲਹਿਰ ਵਿੱਚ ਪ੍ਰਭਾਵਿਤ ਮਰੀਜ਼ਾਂ ਨੇ ਲਾਭ ਉਠਾਇਆ।

v v v v v v v v v v

## ਸਮਾਜਿਕ ਕਾਰਜ ਖੇਤਰ ਹੇਠ ਸੇਵਾਵਾਂ

### 1. ਮੁੰਬਈ – ਮਹਾਰਾਸ਼ਟਰਾ ਵਿਖੇ ਮਾਨਸੂਨ ਦੌਰਾਨ ਹੜ੍ਹ ਪ੍ਰਭਾਵਿਤਾਂ ਦੀ ਸਹਾਇਤਾ

ਮੁੰਬਈ ਵਿਖੇ ਮਾਨਸੂਨ ਦੌਰਾਨ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਅਕਸਰ ਪਾਣੀ ਭਰਣ ਕਾਰਣ ਆਵਾਜਾਈ ਠੱਪ ਹੋ ਜਾਂਦੀ ਹੈ। ਜੁਲਾਈ 2019 ਵਿੱਚ ਵੀ ਇਹ ਹਾਲਾਤ ਬਣਨ ‘ਤੇ ਮਹਾਰਾਸ਼ਟਰਾ ਦੇ ਸੀ.ਐਮ.ਓ. ਅਤੇ ਦਾਦਰ ਰੇਲਵੇ ਸ਼ਟੇਸ਼ਨ ਦੇ ਸੀਨੀਅਰ ਸੈਕਸ਼ਨ ਇੰਜੀਨੀਅਰ ਸ੍ਰ. ਦਵਿੰਦਰ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਦਾਦਰ ਨਾਲ ਸੰਪਰਕ ਕੀਤਾ ਗਿਆ।

ਸਿੰਘ ਸਭਾ ਦਾਦਰ ਵੱਲੋਂ ਸੰਗਤਾਂ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਦਾਦਰ ਤੋਂ 800 (ਅੱਠ ਸੌ) ਤੋਂ ਵੱਧ ਖ਼ਾਸ ਕਰਕੇ ਮੇਲ ਐਕਸਪ੍ਰੈਸ ਅਤੇ ਲੋਕਲ ਟ੍ਰੇਨਾਂ ਦੇ ਮੁਸਾਫ਼ਿਰਾਂ ਲਈ ਲੰਗਰ ਤਿਆਰ ਕਰਕੇ ਸਟੇਸ਼ਨ ‘ਤੇ ਵਰਤਾਇਆ ਗਿਆ। ਇਸ ਤੋਂ ਇਲਾਵਾ ਇਸ ਬਾਰਿਸ਼ ਤੋਂ ਪ੍ਰਭਾਵਿਤ ਬਹੁਤ ਸਾਰੇ ਲੋਕਾਂ ਨੇ ਹਾਲਾਤ ਠੀਕ ਹੋਣ ਤਕ ਗੁਰਦੁਆਰਾ ਸਾਹਿਬ ਦਾਦਰ ਵਿਖੇ ਸ਼ਰਨ ਲਈ ਅਤੇ ਲੰਗਰ ਛਕਿਆ।










ਪਿਛਲੇ ਕਈ ਸਾਲਾਂ ਤੋਂ ਚਲੀ ਆ ਰਹੀ ਸੇਵਾ ਨੂੰ ਜਾਰੀ ਰੱਖਦਿਆਂ ਗਣੇਸ਼ ਵਿਸਰਜਨ 2019 ਸਮੇਂ ਮੁੰਬਈ ਵਿਖੇ ਬੰਦੋਬਸਤ ਲਈ ਤੈਨਾਤ ਲਗਭਗ 1500 ਪੁਲਿਸ ਜਵਾਨਾਂ ਲਈ ਲੰਗਰ ਤਿਆਰ ਕਰਕੇ ਭੇਜਿਆ ਗਿਆ।

V V V V V V V V V V



ਬਾਰਿਸ਼ ਵਿੱਚ ਫੱਸੇ ਮੁਸਾਫ਼ਿਰਾਂ ਦੀ ਚਾਹ-ਨਾਸ਼ਤਾ ਅਤੇ ਲੰਗਰ ਨਾਲ ਕੀਤੀ ਸੇਵਾ ਨੂੰ ਮੁੱਖ ਰੱਖਦਿਆਂ ਸੈਂਟਰਲ ਰੇਲਵੇ ਅਤੇ ਮਹਾਰਾਸ਼ਟਰਾ ਪੁਲਿਸ ਦੇ ਅਧਿਕਾਰੀਆਂ ਵੱਲੋਂ ਸਿੰਘ ਸਭਾ ਦਾਦਰ ਨੂੰ ਦਿੱਤਾ ਸਨਮਾਨ ਪੱਤਰ ਹਾਸਿਲ ਕਰਦੇ ਹੋਏ ਸਭਾ ਦੇ ਜਨਰਲ ਸਕੱਤਰ ਸ੍ਰ: ਮਨਮੋਹਨ ਸਿੰਘ ਰੱਤੀ, ਸ੍ਰ: ਕਰਨੈਲ ਸਿੰਘ, ਸ੍ਰ: ਭੁਪਿੰਦਰ ਸਿੰਘ ਕੋਹਲੀ ਅਤੇ ਸ੍ਰ: ਬਲਵੰਤ ਸਿੰਘ।

V V V V V V V V V V

## 2. ਕੋਹਲਾਪੁਰ (ਮਹਾਰਾਸ਼ਟਰਾ)

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ ਅਤੇ ਸੰਗਤਾਂ ਦੇ ਸਹਿਯੋਗ ਨਾਲ ਜੁਲਾਈ 2019 ਵਿੱਚ ਮਹਾਂਰਾਸ਼ਟਰਾ ਦੇ ਕੋਹਲਾਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਕਾਂਗਲ ਕਸਬੇ ਦੇ ਨੇੜਲੇ 32 ਪਿੰਡਾਂ ਦੇ ਤਕਰੀਬਨ 1200 ਹੜ੍ਹ ਪ੍ਰਭਾਵਿਤ ਪਰਿਵਾਰਾਂ ਨੂੰ ਰਾਹਤ ਸਾਮਗਰੀ ਵੰਡੀ ਗਈ।

ਸਭਾ ਦੇ ਪ੍ਰਧਾਨ ਸ੍ਰ: ਰਘਬੀਰ ਸਿੰਘ ਗਿੱਲ ਦੀ ਅਗਵਾਈ ਵਿੱਚ ਸ੍ਰ: ਅਮਰੀਕ ਸਿੰਘ ਮਾਟਾ ਦੇ ਉੱਦਮ ਨਾਲ ਗੁਰੂ ਘਰ ਦੇ ਸੇਵਾਦਾਰਾਂ ਨੇ ਕੋਹਲਾਪੁਰ ਪੁਜ ਕੇ ਉੱਥੋਂ ਦੇ ਰਾਜਘਰਾਣੇ ਨਾਲ ਸਬੰਧਤ ਰਾਜੇ ਸਾਹੂ ਵਿਕਰਮ ਸਿੰਹ ਗਾੜਗੇ ਫਾਉਂਡੇਸ਼ਨ ਕਾਂਗਲ ਦੇ ਮੌਜੂਦਾ ਕਰਤਾ-ਧਰਤਾ ਰਾਜੇ ਸਿਮਰਜੀਤ ਸਿੰਹ ਗਾੜਗੇ ਅਤੇ ਉਨ੍ਹਾਂ ਦੀ ਸੁਪਤਨੀ ਨਾਲ ਮਿਲ ਕੇ ਸੇਵਾ ਦਾ ਮਿਸ਼ਨ ਸਿਰੇ ਚਾੜ੍ਹਿਆ।

ਫਾਂਉਂਡੇਸ਼ਨ ਦੇ ਕਰਮਚਾਰੀਆਂ ਵੱਲੋਂ ਸਭਾ ਦੀ ਟੀਮ ਨੂੰ ਪਹਾੜੀ ਇਲਾਕਿਆਂ ਵਿੱਚ ਉਨ੍ਹਾਂ ਲੋਕਾਂ ਤਕ ਪਹੁੰਚਣ ਲਈ ਭਰਪੂਰ ਸਹਿਯੋਗ ਮਿਲਿਆ। ਪਰਿਵਾਰਾਂ ਨੂੰ ਵੰਡੀ ਗਈ ਸਾਮਗਰੀ ਵਿੱਚ ਸੁਕਾ ਰਾਸ਼ਨ, ਸਕੂਲ ਬੈਗ, ਪੈਂਸਿਲ ਬਾਕਸ, ਚਾਦਰਾਂ, ਪ੍ਰੈਸ਼ਰ ਕੁੱਕਰ, ਸਾੜੀਆਂ, ਕੰਬਲ ਆਦਿ ਸ਼ਾਮਿਲ ਸਨ।










# ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ ਅਤੇ ਸਤਿ ਸ੍ਰੀ ਅਕਾਲ ਚੈਰੀਟੇਬਲ ਟਰੱਸਟ ਵੱਲੋਂ ਸਿੱਖ ਅਚੀਵਰਜ਼ ਐਵਾਰਡ

ਇਹ ਐਵਾਰਡ ਆਪਣੇ ਆਪ ਵਿੱਚ ਨਿਵੇਕਲੇ ਐਵਾਰਡ ਹਨ ਜੋ ਕਿ ਉੱਚ ਕੋਟੀ ਦੇ ਸਿੱਖਾਂ ਦੇ ਵੱਖ-ਵੱਖ ਖੇਤਰਾਂ ਦੇ ਉੱਘੇ ਉੱਦਮੀਆਂ, ਸਮਾਜ ਸੇਵਕਾਂ ਅਤੇ ਖਿਡਾਰੀਆਂ ਨੂੰ ਦਿੱਤੇ ਗਏ, ਜਿਨ੍ਹਾਂ ਵਿੱਚ ਡਾ. ਰਾਜਵੰਤ ਸਿੰਘ (ਯੂ.ਐਸ.ਏ.), ਡਾ. ਰੂਪ ਸਿੰਘ, ਸ੍ਰ: ਅਮਰੀਕ ਸਿੰਘ ਕੂਨਰ, ਸ੍ਰ: ਕਰਨਲ ਕਰਮਿੰਦਰ ਸਿੰਘ, ਡਾ. ਗੁਰਮੀਤ ਸਿੰਘ ਨਾਰੰਗ, ਡਾ. ਜਸਬੀਰ ਸਿੰਘ ਕੰਗ, ਸ੍ਰ. ਅਮਰਜੀਤ ਸਿੰਘ ਚਾਵਲਾ, ਸ੍ਰ. ਸੁਨੀਤ ਸਿੰਘ ਤੁੱਲੀ, ਸ੍ਰ. ਅਮਰਜੀਤ ਸਿੰਘ ਅਤੇ ਕਰਨਲ ਸੁਖਪਾਲ ਸਿੰਘ ਦੇ ਨਾਂ ਜ਼ਿਕਰਯੋਗ ਹਨ।





ਡਾ. ਰਾਜਵੰਤ ਸਿੰਘ ਯੂ.ਐਸ.ਏ. ਅਤੇ ਡਾ. ਰੂਪ ਸਿੰਘ ਸਾਬਕਾ ਸਕੱਤਰ ਐਸ.ਜੀ.ਪੀ.ਸੀ. ਅੰਮ੍ਰਿਤਸਰ ਦਾ ਸਨਮਾਨ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ, ਸ੍ਰ. ਕੇ.ਪੀ. ਸਿੰਘ, ਸ੍ਰ. ਪੂਰਨ ਸਿੰਘ, ਸ੍ਰ. ਅਜੈ ਸਿੰਘ ਰਾਠੌਰ ਅਤੇ ਸ੍ਰ. ਹਰਬੰਸ ਸਿੰਘ ਸਬਲੋਕ ਕਰਦੇ ਹੋਏ।

# ਸ੍ਰੀ ਗੁਰੂ ਸਿੰਘ ਸਭਾ ਵੱਲੋਂ ਕਰੋਨਾ ਯੋਧਾ ਪਦਮਸ੍ਰੀ ਜਤਿੰਦਰ ਸਿੰਘ ਸ਼ੰਟੀ ਸਨਮਾਨਿਤ

ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਸੰਨ 2020 ਅਤੇ ਸੰਨ 2021 ਅੰਦਰ ਕਰੋਨਾ ਵਾਇਰਸ ਦੀ ਆਈ ਪਹਿਲੀ ਲਹਿਰ ਅਤੇ ਦੂਸਰੀ ਲਹਿਰ ਦੌਰਾਨ ਸਿਰ-ਧੜ ਦੀ ਬਾਜੀ ਲਗਾ ਕੇ ਆਪਣੇ ਪਰਿਵਾਰ ਅਤੇ ਡਰਾਇਵਰਾਂ ਦੀ ਪੂਰੀ ਟੀਮ ਸਮੇਤ ਕੋਵਿਡ-19 ਨਾਲ ਗ੍ਰਸਤ ਹੋ ਕੇ ਗੁਜਰੇ ਹਜ਼ਾਰਾਂ ਦੀ ਤਾਦਾਦ ਵਿੱਚ ਲੋਕਾਂ ਦੇ ਮ੍ਰਿਤਕ ਸਰੀਰਾਂ ਦਾ ਬਿਨਾਂ ਕਿਸੇ ਵਿਤਕਰੇ ਦੇ ਉਹਨਾਂ ਦੀਆਂ ਆਪਣੀਆਂ-ਆਪਣੀਆਂ ਧਾਰਮਿਕ ਰਹੁ-ਰੀਤਾਂ ਨਾਲ ਅੰਤਿਮ ਸੰਸਕਾਰ ਆਪਣੇ ਹੱਥੀਂ ਕਰਨ ਵਾਲੇ ਪਦਮਸ੍ਰੀ ਸ੍ਰ. ਜਤਿੰਦਰ ਸਿੰਘ ਸ਼ੰਟੀ ਨੂੰ ਸਿਰੋਪਾਓ ਅਤੇ ਸ਼ੀਲਡ ਦੇ ਕੇ ਸਨਮਾਨ ਕੀਤਾ।

ਇਸ ਮੌਕੇ ‘ਤੇ ਸਭਾ ਵੱਲੋਂ ਸ਼ਹੀਦ ਭਗਤ ਸਿੰਘ ਸੇਵਾ ਦਲ (ਦਿੱਲੀ) ਦੇ ਪ੍ਰਧਾਨ ਸ੍ਰ. ਜਤਿੰਦਰ ਸਿੰਘ ਸ਼ੰਟੀ ਵੱਲੋਂ ਸਮਾਜ ਭਲਾਈ ਲਈ ਕੀਤੀਆਂ ਜਾ ਰਹੀਆਂ ਸੇਵਾਵਾਂ ਵਿੱਚ ਹਿੱਸਾ ਪਾਉਂਦਿਆਂ ਉਨ੍ਹਾਂ ਨੂੰ 25 ਹਜ਼ਾਰ ਦਾ ਚੈੱਕ ਭੇਂਟ ਕੀਤਾ ਗਿਆ।





# “ਟੇਸਟ-ਦਾ-ਪੰਜਾਬ” ਫੂਡ ਫੈਸਟੀਵੈਲ ‘ਤੇ ਸਭਾ ਦੇ ਅਹੁਦੇਦਾਰ ਸਨਮਾਨਿਤ



ਡਾ. ਬਾਬਾ ਸਾਹਿਬ ਅੰਬੇਡਕਰ ਕਾਲਜ-ਚੈਂਬੂਰ ਵੱਲੋਂ ਆਈ.ਸੀ.ਈ. ਹੋਸਪੀਟੈਲਟੀ ਸਰਵਿਸ ਦੇ ਮੁੱਖੀ ਸ੍ਰ. ਤਜਿੰਦਰ ਸਿੰਘ ਸਭਰਵਾਲ ਦੇ ਸਹਿਯੋਗ ਨਾਲ “ਟੇਸਟ-ਦਾ-ਪੰਜਾਬ” ਫੂਡ ਫੈਸਟੀਵਲ ਕਰਵਾਇਆ ਗਿਆ। ਇਸ ਫੈਸਟੀਵਲ ਵਿੱਚ ਸ਼ਿਰਕਤ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਮੁੰਬਈ ਨੂੰ ਵਿਸ਼ੇਸ਼ ਸੱਦਾ ਦਿੱਤਾ ਗਿਆ। ਇਸ ਮੌਕੇ ‘ਤੇ ਪਹੁੰਚੇ ਸਭਾ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ, ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ, ਸਕੱਤਰ ਸ੍ਰ. ਬਲਬੀਰ ਸਿੰਘ ਬਾਠ ਅਤੇ ਸ੍ਰ. ਗੁਰਜਿੰਦਰ ਸਿੰਘ ਮਠਾਰੂ ਨੂੰ ਪ੍ਰਸਿੱਧ ਸ਼ੈਫ਼ ਸ੍ਰ. ਹਰਪਾਲ ਸਿੰਘ ਨੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

v v v v v v v v v v

# ਸਿੰਘ ਸਭਾ ਦਾਦਰ ਵੱਲੋਂ ਥਾਣੇ ਦੇ ਪੁਲਿਸ ਕਮਿਸ਼ਨਰ ਸ੍ਰ. ਜੈਜੀਤ ਸਿੰਘ ਸਨਮਾਨਿਤ



ਏ.ਟੀ.ਐਸ. ਦੇ ਚੀਫ ਰਹੇ ਸ੍ਰ. ਜੈਜੀਤ ਸਿੰਘ ਨੂੰ ਮਹਾਰਾਸ਼ਟਰਾ ਸਰਕਾਰ ਵੱਲੋਂ ਥਾਣੇ ਦੇ ਪੁਲਿਸ ਕਮਿਸ਼ਨਰ ਥਾਪੇ ਜਾਣ ‘ਤੇ ਥਾਣੇ ਪੁਲਿਸ ਹੈੱਡਕੁਆਟਰ ਵਿਖੇ ਸਿੰਘ ਸਭਾ ਦਾਦਰ ਵੱਲੋਂ ਦੁਸ਼ਾਲਾ ਭੇਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ‘ਤੇ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ, ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ, ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ, ਸਕੱਤਰ ਸ੍ਰ. ਬਲਬੀਰ ਸਿੰਘ ਬਾਠ ਹਾਜ਼ਰ ਸਨ।

## ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਵਿਖੇ ਹੋਲਾ-ਮਹੱਲਾ ਮੌਕੇ ਵਾਪਰੀ ਮੰਦਭਾਗੀ ਘਟਨਾ ਸਮੇਂ ਗ੍ਰਿਫਤਾਰ ਹੋਏ ਸਿੰਘਾਂ ਦੀ ਰਿਹਾਈ ਲਈ ਸਿੰਘ ਸਭਾ ਦਾਦਰ ਵੱਲੋਂ ਗ੍ਰਹਿ ਮੰਤਰੀ ਮਹਾਰਾਸ਼ਟਰਾ ਨੂੰ ਅਪੀਲ

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ ਦੀ ਪ੍ਰਬੰਧਕ ਕਮੇਟੀ ਵੱਲੋਂ ਸੀਨੀਅਰ ਮੀਤ ਪ੍ਰਧਾਨ ਸ੍ਰ. ਕੁਲਵੰਤ ਸਿੰਘ ਦੀ ਅਗਵਾਈ ਵਿੱਚ ਇਕ ਵਫ਼ਦ ਨੇ 24 ਅਗਸਤ 2021 ਨੂੰ ਮਹਾਰਾਸ਼ਟਰਾ ਦੇ ਗ੍ਰਹਿ ਮੰਤਰੀ ਸ੍ਰੀ ਦਲੀਪ ਵਾਲਸੇ ਪਾਟਿਲ ਨੂੰ ਤਖ਼ਤ ਸੱਚਖੰਡ ਸ੍ਰੀ ਹਜ਼ੂਰ ਅਬਚਲ ਨਗਰ ਸਾਹਿਬ ਨਾਂਦੇੜ ਵਿਖੇ ਮਨਾਏ ਗਏ ਹੋਲਾ-ਮਹੱਲਾ ਦੇ ਮੌਕੇ ਵਾਪਰੀ ਮੰਦਭਾਗੀ ਘਟਨਾ ਸਮੇਂ ਗ੍ਰਿਫਤਾਰ ਹੋਏ ਸਿੰਘਾਂ ਦੀ ਰਿਹਾਈ ਲਈ ਇਕ ਮੰਗ-ਪੱਤਰ ਦਿੱਤਾ ਗਿਆ। ਇਸ ਮਾਮਲੇ ਵਿੱਚ ਕੁਲ 66 ਸਿੰਘਾਂ 'ਤੇ ਜ਼ਿਲ੍ਹਾ ਕੁਲੈਕਟਰ ਅਤੇ ਜ਼ਿਲ੍ਹਾ ਮੈਜਿਸਟਰੇਟ ਦੇ ਹੁਕਮਾਂ ਦੀ ਉਲੰਘਣਾ ਦੇ ਦੋਸ਼ ਵਿੱਚ ਕੇਸ ਦਰਜ ਕੀਤੇ ਗਏ ਸਨ। ਸਭਾ ਵੱਲੋਂ ਮੰਗ ਕੀਤੀ ਗਈ ਕਿ ਇਹ ਸਭ ਕੁਝ ਜਾਣ-ਬੁਝ ਕੇ ਨਹੀਂ ਹੋਇਆ ਸਗੋਂ ਅਚਨਚੇਤ ਉਭਰੇ ਜਜ਼ਬਾਤਾਂ ਕਾਰਣ ਹੋਇਆ ਹੈ ਕਿਉਂਕਿ ਹੋਲੇ-ਮਹੱਲੇ ਦਾ ਤਿਓਹਾਰ ਹੱਲਾ-ਬੋਲ ਦੇ ਰੂਪ ਵਿੱਚ ਪਿਛਲੇ ਤਿੰਨ ਸੌ ਸਾਲਾਂ ਤੋਂ ਵੀ ਵੱਧ ਲਗਾਤਾਰ ਸਮੇਂ ਤੋਂ ਇਸੇ ਢੰਗ ਨਾਲ ਹੀ ਮਨਾਇਆ ਜਾਂਦਾ ਹੈ ਤੇ ਹੁਣ ਤੱਕ ਕਦੇ ਵੀ ਇਸ ਮੌਕੇ ਪ੍ਰਸ਼ਾਸਨ ਨਾਲ ਸ਼ਰਧਾਲੂਆਂ ਦਾ ਟਕਰਾਉ ਨਹੀਂ ਹੋਇਆ। ਸੋ ਸਭਾ ਵੱਲੋਂ ਮਹਾਰਾਸ਼ਟਰਾ ਸਰਕਾਰ ਨੂੰ ਇਹੋ ਅਪੀਲ ਹੈ ਕਿ ਸਿੱਖ ਕੌਮ ਦੇ ਪਿਛਲੇ ਸ਼ਾਂਤੀਪੂਰਬਕ ਮਨਾਏ ਜਾਂਦੇ ਤਿਓਹਾਰਾਂ ਦੇ ਮੱਦੇ-ਨਜ਼ਰ ਇਨ੍ਹਾਂ ਸਾਰੇ ਨਿਰਦੋਸ਼ ਸਿੰਘਾਂ ਦੇ ਕੇਸਾਂ ਨੂੰ ਬਰਖ਼ਾਸਤ ਕੀਤਾ ਜਾਏ।

ਇਸ ਵਫ਼ਦ ਵਿੱਚ ਡਾ. ਭਾਈ ਈਸ਼ਰ ਸਿੰਘ ਅਤੇ ਹੋਰਨਾਂ ਤੋਂ ਇਲਾਵਾ ਸਿੰਘ ਸਭਾ ਦਾਦਰ ਦੇ ਜਨਰਲ ਸਕੱਤਰ ਸ੍ਰ. ਮਨਮੋਹਨ ਸਿੰਘ ਰੱਤੀ ਅਤੇ ਸਕੱਤਰ ਸ੍ਰ. ਬਲਬੀਰ ਸਿੰਘ ਬਾਠ ਸ਼ਾਮਲ ਸਨ।

ਇੱਥੇ ਜ਼ਿਕਰਯੋਗ ਹੈ ਕਿ ਲੰਗਰ ਸਾਹਿਬ ਗੁਰਦੁਆਰਾ ਟਰਸੱਟ ਦੇ ਵਾਈਸ ਚੇਅਰਮੈਨ ਬਾਬਾ ਬਲਵਿੰਦਰ ਸਿੰਘ ਵੱਲੋਂ ਸਿੰਘ ਸਭਾ ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੂੰ 20 ਅਗਸਤ 2021 ਨੂੰ ਭੇਜੇ ਇਕ ਪੱਤਰ ਰਾਹੀਂ ਹੋਲੇ-ਮਹੱਲੇ ਦੌਰਾਨ ਹੋਈ ਘਟਨਾ ਕਾਰਣ ਜੇਲ੍ਹਾਂ ਵਿੱਚ ਬੰਦ ਹੋਏ ਸਿੰਘਾਂ ਦੀ ਹਿਮਾਇਤ ਕਰਨ ਤੇ ਉਨ੍ਹਾਂ ਦੀ ਰਿਹਾਈ ਲਈ ਸਰਕਾਰ ਨੂੰ ਅਪੀਲ ਕਰਨ ਲਈ ਆਖਿਆ ਗਿਆ ਸੀ।

V V V V V V V V

## ਕੰਗਨਾ ਰਨੌਤ ਦੇ ਖ਼ਿਲਾਫ਼ ਸਿੰਘ ਸਭਾ ਦਾਦਰ ਨੇ ਪੁਲਿਸ ਪ੍ਰਸ਼ਾਸਨ ਅਤੇ ਸਾਈਬਰ ਪੁਲਿਸ ਸੈੱਲ ਪਾਸ ਸ਼ਿਕਾਇਤ ਦਰਜ ਕੀਤੀ

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ ਦੇ ਪ੍ਰਧਾਨ ਸ੍ਰ. ਰਘਬੀਰ ਸਿੰਘ ਗਿੱਲ ਨੇ ਸਮੁੱਚੀ ਕਮੇਟੀ ਵੱਲੋਂ ਐਡਵੋਕੇਟ ਸਵੀਨਾ ਕੌਰ ਬੇਦੀ ਸੱਚਰ ਰਾਹੀਂ ਭੋਈਵਾੜਾ ਪੁਲਿਸ ਸਟੇਸ਼ਨ ਦਾਦਰ ਅਤੇ ਸਾਈਬਰ ਪੁਲਿਸ ਸਟੇਸ਼ਨ ਵਰਲੀ ਵਿਖੇ ਕੰਗਨਾ ਰਨੌਤ ਦੇ ਖ਼ਿਲਾਫ਼ ਸ਼ਿਕਾਇਤ ਦਰਜ ਕਰਵਾ ਕੇ ਉਸ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਮੰਗ ਕੀਤੀ ਹੈ। ਇਸ ਦੇ ਨਾਲ ਹੀ ਇਸ ਸ਼ਿਕਾਇਤ ਦੀਆਂ ਕਾਪੀਆਂ ਮੁੰਬਈ ਪੁਲਿਸ ਕਮਸ਼ਿਨਰ, ਅਡੀਸ਼ਨਲ ਕਮਿਸ਼ਨਰ ਆਫ਼ ਪੁਲਿਸ ਅਤੇ ਕ੍ਰਾਈਮ ਬ੍ਰਾਂਚ ਨੂੰ ਵੀ ਭੇਜੀਆਂ ਗਈਆਂ ਹਨ। ਇਸ ਦੇ ਨਾਲ ਹੀ ਕੰਗਨਾ ਰਨੌਤ ਤੋਂ ਇਲਾਵਾ ਇਕ ਹੋਰ ਇਸੇ ਕੜੀ ਦੇ ਦੋਸ਼ੀ ਅਤੁਲ ਮਿਸ਼ਰਾ ਦੀ ਟਵੀਟ ਨੂੰ ਮੁੱਖ ਰੱਖਦਿਆਂ ਉਸ ਦੀ ਵੀ ਸ਼ਿਕਾਇਤ ਕੀਤੀ ਗਈ ਹੈ। ਇਸ ਤੋਂ ਇਲਾਵਾ ਇਸ ਬਾਬਤ ਬਣਦਾ ਐਕਸ਼ਨ ਲੈਣ ਲਈ ਫੇਸਬੁਕ ਇੰਡੀਆ ਆਨਲਾਈਨ ਸਰਵਿਸ ਲਿਮਟਿਡ ਨੂੰ ਵੀ ਆਖਿਆ ਗਿਆ ਹੈ। ਇਥੇ ਜਿਕਰਯੋਗ ਹੈ ਕਿ ਸਭਾ ਦੇ ਕਮੇਟੀ ਮੈਂਬਰ ਸ੍ਰ. ਅਮਰਜੀਤ ਸਿੰਘ ਸੰਧੂ ਨੇ ਮੁਲੁੰਡ ਦੀ ਸੰਗਤ ਨੂੰ ਨਾਲ ਲੈ ਕੇ ਸਭਾ ਦੀ ਨੁਮਾਇੰਦਗੀ ਕਰਦਿਆਂ ਕੰਗਨਾ ਰਨੌਤ ਦੇ ਘਰ ਦੇ ਮੂਹਰੇ ਰੋਸ ਮਜਾਹਿਰਾ ਕੀਤਾ ਅਤੇ ਖਾਰ ਪੁਲਿਸ ਸਟੇਸ਼ਨ ਵਿੱਖੇ ਐਫ. ਆਈ. ਆਰ. ਦਰਜ਼ ਕਰਵਾਈ, ਜਿਸ ਦੀ ਮੀਡੀਆ ਨੇ ਵੱਡੇ ਪੱਧਰ ਤੇ ਕਵਰੇਜ ਕੀਤੀ।

# ਪੁਲਵਾਮਾਂ (ਕਸ਼ਮੀਰ) ਵਿਖੇ CRPF ਦੇ ਸ਼ਹੀਦ ਹੋਏ ਜਵਾਨਾਂ ਦੀ ਸ਼ਹਾਦਤ ਨੂੰ ਸਮਰਪਿਤ ਇਕ ਸ਼ੋਕ ਸਭਾ (ਅਰਦਾਸ)




ਪੁਲਵਾਮਾਂ (ਕਸ਼ਮੀਰ) ਵਿਖੇ CRPF ਦੇ ਸ਼ਹੀਦ ਹੋਏ ਜਵਾਨਾਂ ਦੀ ਸ਼ਹਾਦਤ ਨੂੰ ਸਮਰਪਿਤ ਇਕ ਸ਼ੋਕ ਸਭਾ (ਅਰਦਾਸ) ਦਾ ਆਯੋਜਨ ਕੀਤਾ ਗਿਆ। ਗੁਰਦੁਆਰਾ ਸਾਹਿਬ ਦਾਦਰ ਦੇ ਦਰਬਾਰ ਹਾਲ ਵਿੱਚ 11.30 ਵਜੇ ਤੱਕ ਵਿਸ਼ੇਸ਼ ਦੀਵਾਨ ਸਜਾਏ ਗਏ। ਗੁਰਦੁਆਰਾ ਸਾਹਿਬ ਫਤਿਹਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਭਾਈ ਹਰਪਾਲ ਸਿੰਘ ਨੇ ਵੀ ਆਪਣੀ ਹਾਜ਼ਰੀ ਲਗਵਾਈ। ਇਸ ਮੌਕੇ 'ਤੇ ਮੁੰਬਈ ਸੈਂਟਰਲ ਸਾਊਥ ਹਲਕੇ ਦੇ ਐਮ.ਪੀ. ਸ੍ਰੀ ਰਾਹੁਲ ਸ਼ਿਵਾਲੇ ਨੇ ਵੀ ਹਾਜ਼ਰੀਆਂ ਭਰੀਆਂ। ਸਮਾਗਮ ਸਮਾਪਤੀ ਉਪਰੰਤ ਸਭਾ ਵੱਲੋਂ ਦਫਤਰ ਵਿੱਚ ਉਹਨਾਂ ਨੂੰ ਵਿਸ਼ੇਸ਼ ਸਨਮਾਨ ਦਿੱਤਾ ਗਿਆ।

V V V V V V V V



ਭਗਤ ਰਵੀਦਾਸ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਭਾ ਵੱਲੋਂ ਗੁਰਦੁਆਰਾ ਸਾਹਿਬ ਦਾਦਰ ਦੇ ਬਾਹਰਵਾਰ ਕਈ ਦਹਾਕਿਆਂ ਤੋਂ ਆਪਣਾ ਕਿੱਤਾ ਕਰਨੇ ਵਾਲੇ ਸਿਟੀ ਕੋਬਲਰ ਦਾ ਸਨਮਾਨ ਕੀਤਾ ਗਿਆ। ਹੈੱਡ ਗ੍ਰੰਥੀ ਗੁਰਦੁਆਰਾ ਸਾਹਿਬ ਦਾਦਰ ਭਾਈ ਜਸਪ੍ਰੀਤ ਸਿੰਘ ਤੇ ਹੋਰਨਾਂ ਨੇ ਉਹਨਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਮਿਠਾਈ ਅਤੇ ਸ਼ਾਲ ਦੇ ਕੇ ਸਨਮਾਨਿਤ ਕੀਤਾ।

# ਅਕਾਲ ਚਲਾਣਾ ਕਰ ਗਈਆਂ ਇਹਨਾਂ ਸ਼ਖ਼ਸੀਅਤਾਂ ਦੀਆਂ ਕੌਮ ਪ੍ਰਤੀ ਸੇਵਾਵਾਂ ਨੂੰ ਸਿੰਘ ਸਭਾ ਦਾਦਰ ਹਮੇਸ਼ਾਂ ਯਾਦ ਰੱਖੇਗੀ



**ਸ੍ਰ: ਸਰਦਾਰਾ ਸਿੰਘ ਮਠਾਰੂ**
ਸਾਬਕਾ ਪ੍ਰਧਾਨ, ਸਿੰਘ ਸਭਾ ਦਾਦਰ



**ਸ੍ਰ: ਕੁਲਵੰਤ ਸਿੰਘ ਕੋਹਲੀ**
ਸਾਬਕਾ ਸ਼ੈਰਿਫ਼, ਮੁੰਬਈ



**ਸ੍ਰ: ਤਾਰਾ ਸਿੰਘ**
ਸਾਬਕਾ ਐਮ.ਐਲ.ਏ., ਮੁੰਬਈ



**ਸ੍ਰ: ਸਰਦੂਲ ਸਿੰਘ ਮਠਾਰੂ**
ਸਾਬਕਾ ਸਕੱਤਰ, ਸਿੰਘ ਸਭਾ ਦਾਦਰ



**ਸ੍ਰ: ਬਲਬੀਰ ਸਿੰਘ ਮਠਾਰੂ**
ਸਾਬਕਾ ਕਮੇਟੀ ਮੈਂਬਰ, ਸਿੰਘ ਸਭਾ ਦਾਦਰ



**ਸ੍ਰ: ਸਰਦਾਰ ਸਿੰਘ ਸੂਰੀ**
ਪ੍ਰਧਾਨ, ਸ੍ਰੀ ਗੁਰੂ ਸਿੰਘ ਸਭਾ ਚਾਰ ਬੰਗਲਾ



**ਡਾ. ਸ੍ਰ: ਗੁਰਬਚਨ ਸਿੰਘ ਬਚਨ**
ਚੇਅਰ-ਪਰਸਨ, ਗੁਰੂ ਗੋਬਿੰਦ ਸਿੰਘ ਚੇਅਰ,
ਮੁੰਬਈ ਯੂਨੀਵਰਸਿਟੀ



**ਸ੍ਰ: ਮਹਿੰਦਰ ਸਿੰਘ ਘੁਰਾ**
ਸਾਬਕਾ ਪ੍ਰਧਾਨ -ਮਹਾਰਾਸ਼ਟਰਾ ਰਾਜ
ਟ੍ਰਕ ਟੈਂਪੂ ਟੈਂਕਰਜ਼ ਬਸ ਵਾਹਤੁਕ ਸੰਘ



**ਜਸਟਿਸ**
**ਸ੍ਰ: ਜਗਮੋਹਨ ਸਿੰਘ ਭਾਟੀਆ**



**ਸ੍ਰ: ਮਨਪ੍ਰੀਤ ਸਿੰਘ ਸੋਢੀ**
ਫਾਊਂਡਰ-ਯੰਗ ਸਿੱਖ ਲੀਡਰਜ਼



**ਸ੍ਰ: ਅਵਤਾਰ ਸਿੰਘ ਭਮਰਾ**
ਸਾਬਕਾ ਪ੍ਰਧਾਨ, ਸੇਵਕ ਜੱਥਾ ਦਾਦਰ



**ਸ੍ਰ: ਬੁੱਧ ਸਿੰਘ ਨਾਗੀ**
ਸਾਬਕਾ ਪ੍ਰਧਾਨ, ਪੰਥਕ ਸੇਵਕ ਜੱਥਾ ਮਾਟੂੰਗਾ



**ਸ੍ਰ: ਜਗਤਾਰ ਸਿੰਘ ਗਿੱਲ**
ਸਾਬਕਾ ਪ੍ਰਧਾਨ, ਗੁਰਦੁਆਰਾ ਸੱਤ ਰਸਤਾ



**ਸ੍ਰ: ਚਰਨ ਸਿੰਘ ਦਰਦੀ**
ਪੰਥਕ ਪੰਜਾਬੀ ਕਵੀ, ਮੁੰਬਈ



**ਸ੍ਰ: ਰਜਿੰਦਰ ਸਿੰਘ ਮਲਹੋਤਰਾ**
ਸਾਬਕਾ ਪ੍ਰਧਾਨ
ਗੁਰਦੁਆਰਾ ਪੰਤ ਨਗਰ ਘਾਟਕੋਪਰ



**ਸ੍ਰ: ਹਿੰਮਤ ਸਿੰਘ ਮਾਟਾ**
ਸਕੱਤਰ, ਗੁਰਦੁਆਰਾ ਸ੍ਰੀ ਦਸਮੇਸ਼ ਦਰਬਾਰ
ਗੁਰੂ ਤੇਗ਼ ਬਹਾਦੁਰ ਨਗਰ



**ਸ੍ਰ: ਪ੍ਰੀਤਮ ਸਿੰਘ ਨਾਗੀ**
ਸਾਬਕਾ ਪ੍ਰਧਾਨ, ਸੇਵਕ ਜੱਥਾ ਦਾਦਰ



**ਸ੍ਰ: ਜਸਪਾਲ ਸਿੰਘ**
ਟਰੱਸਟੀ,
ਗੁਰਮਤਿ ਪ੍ਰਚਾਰ ਚੈਰੀਟੇਬਲ ਟਰੱਸਟ

# ਸਿੰਘ ਸਭਾ ਦਾਦਰ ਵੱਲੋਂ ਲਿਖੇ ਅਹਿਮ ਪੱਤਰਾਂ ਦਾ ਵੇਰਵਾ

ਸਿੰਘ ਸਭਾ ਦਾਦਰ ਆਪਣੀ ਜ਼ਿੰਮੇਵਾਰੀ ਸਮਝਦਿਆਂ ਹੋਇਆਂ ਸਮੇਂ-ਸਮੇਂ ਤੇ ਲੋੜੀਂਦੇ ਪੱਤਰ ਸਰਕਾਰੇ ਦਰਬਾਰੇ, ਅਕਾਲ ਤਖ਼ਤ ਸਾਹਿਬ, ਪਤਵੰਤੇ ਅਤੇ ਸਭਾ ਦੇ ਮੈਂਬਰ ਜੋ ਇਸ ਸਮੇਂ ਦੌਰਾਨ ਅਕਾਲ ਚਲਾਣਾ ਕਰ ਗਏ ਉਨ੍ਹਾਂ ਦੇ ਪ੍ਰਵਾਰਾਂ ਨੂੰ ਹਮਦਰਦੀ ਪੱਤਰ, ਲਿਖੇ ਗਏ।

* ਜੱਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਡਾ: ਹਰਪ੍ਰੀਤ ਸਿੰਘ ਜੀ ਨੂੰ ਬੀਬੀਆਂ/ਭਾਈਆਂ ਦੀ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਸੇਵਾ ਦੀਆਂ ਡਿਊਟੀਆਂ ਸਬੰਧੀ ਰਹਿਤ ਮਰਿਯਾਦਾ 'ਤੇ ਸਪਸ਼ਟੀਕਰਨ ਕਰਨ ਲਈ ਪੱਤਰ ਲਿਖਿਆ ਗਿਆ।
* ਸਿੱਖ ਕੌਮ ਘੱਟ ਗਿਣਤੀਆਂ ਵਿੱਚ ਸ਼ੁਮਾਰ ਹੈ, ਇਸ ਲਈ ਸਾਬਤ ਸੂਰਤ ਸਿੱਖ ਬੱਚੇ-ਬੱਚੀਆਂ ਨੂੰ ਸਕੂਲ-ਕਾਲਜਾਂ ਵਿੱਚ ਮਾਇਨੌਰਿਟੀ ਕੋਟੇ ਵਿੱਚ ਐਡਮਿਸ਼ਨ ਲੈਣ ਲਈ ਮਾਇਨੌਰਿਟੀ ਸਰਟੀਫ਼ਿਕੇਟ ਦੀ ਲੋੜ ਪੈਂਦੀ ਹੈ, ਜੋ ਕਿ ਸਭਾ ਵੱਲੋਂ ਬੱਚੇ ਦੇ ਸਿੱਖ ਹੋਣ ਦੇ ਸਰਟੀਫ਼ਿਕੇਟ ਦਿੱਤੇ ਗਏ।
* ਸ੍ਰ. ਸਰਦਾਰ ਸਿੰਘ ਸੂਰੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਭਾ ਵੱਲੋਂ ਪ੍ਰਵਾਰ ਨੂੰ ਹਮਦਰਦੀ ਪੱਤਰ ਲਿਖਿਆ ਗਿਆ।
* ਸਿੱਖ ਸਿੱਧਾਂਤਾਂ ਦੀ ਅਣਦੇਖੀ ਕਰਨ ਕਰਕੇ "ਕਲਰ ਟੀ.ਵੀ." ਚੈਨਲ ਨੂੰ "ਛੋਟੀ ਸਰਦਾਰਨੀ" ਟੀ.ਵੀ. ਸੀਰੀਅਲ ਸਬੰਧੀ ਵਾਰਨਿੰਗ ਪੱਤਰ ਲਿਖਿਆ ਗਿਆ।
* ਸਿੰਘ ਸਭਾ ਦਾਦਰ ਦੇ ਸਾਬਕਾ ਪ੍ਰਧਾਨ ਸ੍ਰ. ਸਰਦਾਰਾ ਸਿੰਘ ਮਠਾਰੂ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਭਾ ਵੱਲੋਂ ਪ੍ਰਵਾਰ ਨੂੰ ਹਮਦਰਦੀ ਪੱਤਰ ਲਿਖਿਆ ਗਿਆ।
* ਨਾਨਕ ਝੀਰਾ-ਬਿਦਰ ਦੇ ਪ੍ਰਧਾਨ ਡਾ. ਬਲਬੀਰ ਸਿੰਘ ਨੂੰ "ਗੁਰੂ ਨਾਨਕ ਪ੍ਰਕਾਸ਼ ਯਾਤਰਾ" ਸਮੇਂ ਮੁੰਬਈ ਦੀ ਸਾਰੀ ਸੇਵਾ ਸਭਾ ਨੂੰ ਦੇਣ ਲਈ ਪੱਤਰ ਲਿਖਿਆ ਗਿਆ।
* ਸ੍ਰ. ਕੁਲਵੰਤ ਸਿੰਘ ਕੋਹਲੀ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਭਾ ਵੱਲੋਂ ਪ੍ਰਵਾਰ ਨੂੰ ਹਮਦਰਦੀ ਪੱਤਰ ਲਿਖਿਆ ਗਿਆ।
* ਪੁਰਾਣੇ ਪੱਤਰ ਨੂੰ ਯਾਦ ਕਰਵਾਉਂਦਿਆਂ ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਡਾ: ਹਰਪ੍ਰੀਤ ਸਿੰਘ ਜੀ ਨੂੰ ਦੁਬਾਰਾ ਪੱਤਰ ਲਿਖਿਆ ਗਿਆ, ਜਿਸ ਵਿੱਚ ਬੀਬੀਆਂ/ਭਾਈਆਂ ਦੀ ਗੁਰੂ ਪਾਤਸ਼ਾਹ ਦੀ ਹਜ਼ੂਰੀ ਵਿੱਚ ਸੇਵਾ ਦੀਆਂ ਡਿਊਟੀਆਂ ਸਬੰਧੀ ਰਹਿਤ ਮਰਿਯਾਦਾ 'ਤੇ ਸਪਸ਼ਟੀਕਰਨ ਮੰਗਿਆ ਗਿਆ।
* MSEB ਨੂੰ ਤੀਜੇ ਮਹੱਲੇ 'ਤੇ ਉਨ੍ਹਾਂ ਕੋਲ ਜੋ ਹਾਲ ਹੈ, ਨੂੰ ਖ਼ਾਲੀ ਕਰਨ ਲਈ ਪੱਤਰ ਲਿਖਿਆ ਗਿਆ।
* ਟਾਟਾ ਹਾਸਪੀਟਲ ਨੂੰ "ਗੁਰੂ ਨਾਨਕ ਰਸੋਈ-550" ਚਾਲੂ ਕਰਨ ਲਈ ਪੱਤਰ ਲਿਖਿਆ ਗਿਆ।
* ਮਾਇਨੌਰਿਟੀ ਕਮਿਸ਼ਨ ਨੂੰ ਸਿੱਖ ਸਮਾਜ ਲਈ ਵੱਖਰਾ "ਸ਼ਮਸ਼ਾਨ ਘਾਟ" ਹੋਵੇ, ਲਈ ਪੱਤਰ ਲਿਖਿਆ ਗਿਆ।
* ਸ੍ਰ. ਰਜਿੰਦਰ ਸਿੰਘ ਮਲਹੋਤਰਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਭਾ ਵੱਲੋਂ ਪ੍ਰਵਾਰ ਨੂੰ ਹਮਦਰਦੀ ਪੱਤਰ ਲਿਖਿਆ ਗਿਆ।
* ਮੁੱਖ ਮੰਤਰੀ-ਮਹਾਰਾਸ਼ਟਰਾ ਨੂੰ MSEB ਤੀਜੇ ਮਹੱਲੇ 'ਤੇ ਉਨ੍ਹਾਂ ਕੋਲ ਜੋ ਹਾਲ ਹੈ, ਨੂੰ ਖ਼ਾਲੀ ਕਰਨ ਲਈ ਪੱਤਰ ਲਿਖਿਆ ਗਿਆ।
* ਬੀ.ਐਮ.ਸੀ. ਐਫ.-ਸਾਉਥ ਵਾਰਡ ਨੂੰ ਗੁਰਦੁਆਰਾ ਸਾਹਿਬ ਦਾਦਰ ਦੇ ਨਾਲ ਲਗਦੀ ਫੁਟਪਾਥ ਦੇ ਸੁੰਦਰੀਕਰਣ ਕਰਨ ਦੀ ਇਜਾਜ਼ਤ ਲਈ ਪੱਤਰ ਲਿਖਿਆ ਗਿਆ।
* ਸ੍ਰ. ਅਮਰੀਕ ਸਿੰਘ ਠੀਕਰੀਵਾਲ ਨੂੰ ਉਹਨਾਂ ਦੇ ਬੇਟੇ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਭਾ ਵੱਲੋਂ ਹਮਦਰਦੀ ਪੱਤਰ ਲਿਖਿਆ ਗਿਆ।
* ਦਾਦਰ ਈਸਟ ਹਲਕੇ ਤੋਂ ਸ੍ਰੀ ਕਾਲੀ ਦਾਸ ਕੋਲੰਬਕਰ ਨੂੰ ਐਮ.ਐਲ.ਏ. ਬਣਨ 'ਤੇ ਵਧਾਈ ਪੱਤਰ ਲਿਖਿਆ ਗਿਆ।
* ਇਸਤ੍ਰੀ ਸਤਿਸੰਗ ਦਾਦਰ ਦੀ ਪ੍ਰਧਾਨ ਬੀਬੀ ਕੁਲਜੀਤ ਕੌਰ ਦੇ ਅਕਾਲ ਚਲਾਣਾ ਕਰ ਜਾਣ 'ਤੇ ਸਭਾ ਵੱਲੋਂ ਪ੍ਰਵਾਰ ਨੂੰ ਹਮਦਰਦੀ ਪੱਤਰ ਲਿਖਿਆ ਗਿਆ।

* ਸ੍ਰ. ਹਰਦੀਪ ਸਿੰਘ ਪੁਰੀ, ਮਨਿਸਟਰ ਅਰਬਨ ਡੀਵੈਲਪਮੈਂਟ, ਸ੍ਰੀ ਪੀਓਸ਼ ਗੋਇਲ, ਮਨਿਸਟਰੀ ਆਫ ਕਾਮਰਸ, ਭਾਰਤ ਸਰਕਾਰ ਨੂੰ ਸਿੰਘ ਸਭਾ ਲਈ ਮੁੰਬਈ ਵਿੱਚ 8-10 ਏਕੜ੍ਹ ਜ਼ਮੀਨ ਅਲਾਟ ਕਰਨ ਲਈ ਬੇਨਤੀ ਪੱਤਰ ਲਿਖਿਆ ਗਿਆ।
* ਸ੍ਰੀ ਊਧਵ ਠਾਕਰੇ ਨੂੰ ਮਹਾਰਾਸ਼ਟਰਾ ਦਾ ਚੀਫ਼ ਮਨਿਸਟਰ ਬਣਨ 'ਤੇ ਵਧਾਈ ਪੱਤਰ ਲਿਖਿਆ ਗਿਆ।
* ਟਾਟਾ ਹਸਪਤਾਲ ਵਿਖੇ ਆਰ.ਏ. ਬੜਵੇ ਨੂੰ ਟਾਟਾ ਦੀ ਨਵੀਂ ਬਣ ਰਹੀ ਬਿਲਡਿੰਗ, "ਹਾਫਕਿੰਨ ਇਨਸਟੀਚਿਊਟ" ਵਿੱਚ 2500 ਵਰਗ ਫੁੱਟ ਦੀ "ਗੁਰੂ ਨਾਨਕ ਰਸੋਈ–550" ਲਈ ਨਵਾਂ ਰਸੋਈ ਘਰ ਰਿਜ਼ਰਵ ਰੱਖਣ ਲਈ ਬੇਨਤੀ ਪੱਤਰ ਲਿਖਿਆ ਗਿਆ।
* ਸ੍ਰੀ ਜੇਅੰਤ ਪਾਟਿਲ ਨੂੰ ਮਹਾਰਾਸ਼ਟਰਾ ਦਾ ਫਾਇਨਾਂਸ ਮਨਿਸਟਰ ਬਣਨ 'ਤੇ ਵਧਾਈ ਪੱਤਰ ਲਿਖਿਆ ਗਿਆ।
* ਸ੍ਰੀ ਜੇਅੰਤ ਪਾਟਿਲ, ਫਾਇਨਾਂਸ ਮਨਿਸਟਰ ਮਹਾਰਾਸ਼ਟਰਾ ਨੂੰ ਪੀ.ਐਮ.ਸੀ. ਬੈਂਕ ਦਾ ਮਸਲਾ ਹੱਲ ਕਰਨ / ਕਰਵਾਉਣ ਲਈ ਬੇਨਤੀ ਪੱਤਰ ਲਿਖਿਆ ਗਿਆ।
* ਸ੍ਰੀ ਏਕ ਨਾਥ ਸ਼ਿੰਦੇ ਨੂੰ ਮਹਾਰਾਸ਼ਟਰਾ ਸਰਕਾਰ ਵਿੱਚ ਮੰਤਰੀ ਪਦ ਮਿਲਣ 'ਤੇ ਵਧਾਈ ਪੱਤਰ ਲਿਖਿਆ ਗਿਆ।
* ਸ੍ਰੀ ਸ਼ਰਦ ਪਵਾਰ ਨੂੰ ਮਹਾਰਾਸ਼ਟਰਾ ਵਿਖੇ ਨੈਸ਼ਨਲ ਕਾਂਗਰਸ ਪਾਰਟੀ ਦੀ ਜਿੱਤ 'ਤੇ ਵਧਾਈ ਪੱਤਰ ਲਿਖਿਆ ਗਿਆ।
* ਸ੍ਰੀ ਨਿਤਿਨ ਰਾਊਤ ਨੂੰ ਮਹਾਰਾਸ਼ਟਰਾ ਸਰਕਾਰ ਵਿੱਚ ਮੰਤਰੀ ਪਦ ਮਿਲਣ 'ਤੇ ਵਧਾਈ ਪੱਤਰ ਲਿਖਿਆ ਗਿਆ।
* ਸ੍ਰੀ ਬਾਲਾ ਸਾਹਿਬ ਥੋਰਾਟ ਨੂੰ ਮਹਾਰਾਸ਼ਟਰਾ ਸਰਕਾਰ ਵਿੱਚ ਮੰਤਰੀ ਪਦ ਮਿਲਣ 'ਤੇ ਵਧਾਈ ਪੱਤਰ ਲਿਖਿਆ ਗਿਆ।
* ਸ੍ਰੀ ਛਗਨ ਭੁਜਬਲ ਨੂੰ ਮਹਾਰਾਸ਼ਟਰਾ ਸਰਕਾਰ ਵਿੱਚ ਮੰਤਰੀ ਪਦ ਮਿਲਣ 'ਤੇ ਵਧਾਈ ਪੱਤਰ ਲਿਖਿਆ ਗਿਆ।
* ਪਾਕਿਸਤਾਨ ਹਾਈ ਕਮਿਸ਼ਨ, ਨਵੀਂ ਦਿੱਲੀ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਵਿਖੇ ਸਿੱਖ ਨੌਜੁਆਨ ਦੇ ਕਤਲ ਸਬੰਧੀ ਇਤਰਾਜ਼ ਜਤਾਉਂਦਾ ਪੱਤਰ ਲਿਖਿਆ ਗਿਆ।
* ਸਿੱਖ ਸਿੱਧਾਂਤਾਂ ਦੀ ਅਣਦੇਖੀ ਕਰਦੇ "ਨੀਲਾ ਟੈਲੀ ਫਿਲਮ" ਨੂੰ "ਤਾਰਕ ਮੇਹਤਾ ਕਾ ਉਲਟਾ ਚਸ਼ਮਾ" ਟੀ.ਵੀ. ਸੀਰੀਅਲ ਸਬੰਧੀ ਚੇਤਾਵਨੀ ਪੱਤਰ ਲਿਖਿਆ ਗਿਆ।
* ਸ੍ਰੀ ਮੰਨੂੰ ਕੁਮਾਰ ਸ੍ਰੀਵਾਸਤਵ, ਪ੍ਰਿੰਸੀਪਲ ਸੈਕਟਰੀ, ਸ੍ਰੀ ਬਾਲਾ ਸਾਹਿਬ ਥੋਰਾਟ, ਰੈਵੇਨਿਊ ਮੰਤਰੀ, ਮਹਾਰਾਸ਼ਟਰਾ ਸਰਕਾਰ ਨੂੰ ਸਭਾ ਲਈ ਮੁੰਬਈ ਵਿੱਚ 8-10 ਏਕੜ ਜ਼ਮੀਨ ਪਲਾਟ ਸਬੰਧੀ ਬੇਨਤੀ ਪੱਤਰ ਲਿਖਿਆ ਗਿਆ।
* ਲੋੜਵੰਦ ਪ੍ਰਵਾਰਾਂ ਦੇ ਬੱਚਿਆਂ ਦੀ ਫੀਸ ਵਿੱਚ ਛੋਟ ਲਈ ਖ਼ਾਲਸਾ ਕਾਲਜ ਮਾਟੂੰਗਾ ਨੂੰ ਕੁਝ ਪੱਤਰ ਲਿਖੇ ਗਏ।
* ਗੁਰੂ ਨਾਨਕ ਹਸਪਤਾਲ ਨੂੰ ਲੋੜਵੰਦ ਸਿੱਖ ਮਰੀਜ਼ਾਂ ਦੇ ਹਸਪਤਾਲ ਦੇ ਬਿੱਲ ਵਿੱਚ ਵੱਧ ਤੋਂ ਵੱਧ ਛੋਟ ਦੇਣ ਲਈ ਪੱਤਰ ਲਿਖੇ ਗਏ।

ਆਪ ਦੇ ਸੇਵਕਾਂ ਨੇ ਇਸ ਪ੍ਰਮੁੱਖ ਤੇ ਕੇਂਦਰੀ ਸੰਸਥਾ ਦੇ ਵੱਡੇ ਕਾਰਜਾਂ, ਭਾਰੀ ਖ਼ਰਚਿਆਂ ਤੇ ਲੋੜਾਂ ਨੂੰ ਠੀਕ ਰੱਖਣ ਦਾ ਪੂਰਾ ਯਤਨ ਤੇ ਉਪਰਾਲਾ ਕੀਤਾ ਹੈ। ਆਪ ਸਾਰੀਆਂ ਸਿੱਖ ਸੰਗਤਾਂ ਦੇ ਭਰਪੂਰ ਸਹਿਯੋਗ ਅਤੇ ਸਹਾਇਤਾ ਨਾਲ ਕਿਸੇ ਤਰ੍ਹਾਂ ਦੀ ਔਕੜ ਪੇਸ਼ ਨਹੀਂ ਆਈ ਅਤੇ ਸਭਾ ਦੇ ਸਾਰੇ ਕਾਰਜ ਨਿਰਵਿਘਨਤਾ ਨਾਲ ਸਿਰੇ ਚੜ੍ਹਦੇ ਰਹੇ ਹਨ। ਆਪ ਜੀ ਦੇ ਗਿਆਤ ਲਈ 1 ਅਪ੍ਰੈਲ, 2018 ਤੋਂ 31 ਮਾਰਚ, 2019 ਦੀ ਬੈਲੈਂਸ ਸ਼ੀਟ, ਆਮਦਨ ਖਰਚ ਅਤੇ ਸਭਾ ਵੱਲੋਂ 2018-2019 ਵਿੱਚ 50000/- ਰੁਪੈ ਤੋਂ ਵੱਧ ਕੀਤੇ ਗਏ ਖਰਚਿਆਂ ਦੀ ਲਿਸਟ ਹਰੇਕ ਜਨਰਲ ਮੈਂਬਰ ਦੇ ਘਰ ਏਜੰਡੇ ਦੇ ਨਾਲ ਹੀ ਭੇਜ ਦਿੱਤੀ ਗਈ ਸੀ।

## ਧੰਨਵਾਦ ਅਤੇ ਅਰਦਾਸ

ਅਸੀਂ ਉਨ੍ਹਾਂ ਮੈਂਬਰਾਂ, ਪਤਵੰਤੇ ਸਜੱਣਾਂ ਅਤੇ ਸਹਿਯੋਗੀਆਂ ਦਾ ਹਾਰਦਿਕ ਧੰਨਵਾਦ ਕਰਦੇ ਹਾਂ, ਜਿਨ੍ਹਾਂ ਨੇ ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ ਵੱਲੋਂ ਸਮੇਂ–ਸਮੇਂ 'ਤੇ ਭੇਜੇ ਗਏ ਸੱਦਾ ਪਤੱਰ ਨੂੰ ਪ੍ਰਵਾਨ ਕਰਦਿਆਂ ਹੋਇਆਂ ਉਚੇਚੇ ਤੌਰ 'ਤੇ ਆਪਣਾ ਕੀਮਤੀ ਸਮਾਂ ਦੇ ਕੇ ਇਕੱਤ੍ਰਤਾ ਵਿੱਚ ਹਾਜ਼ਰ ਹੁੰਦੇ ਰਹੇ ਹਨ।

ਅਸੀਂ ਸ੍ਰ. ਅਮਰਜੀਤ ਸਿੰਘ ਨੰਦਰਾਯੋਗ ਦੇ ਅਤੀ ਧੰਨਵਾਦੀ ਹਾਂ ਜੋ ਸਭਾ ਦੇ ਲੀਗਲ ਕੇਸਾਂ ਲਈ ਕਾਨੂੰਨੀ ਸਲਾਹ ਅਤੇ ਕਾਨੂੰਨੀ ਕਾਰਵਾਈ ਵਿੱਚ ਪਹਿਲ ਦਿੰਦਿਆਂ ਸਭਾ ਨੂੰ ਪੂਰਾ ਸਹਿਯੋਗ ਦਿੰਦੇ ਹਨ।

ਅਸੀਂ ਸਭਾ ਦੇ ਸਭ ਤੋਂ ਵੱਧ 99 ਸਾਲਾ ਉਮਰ ਦਰਾਜ ਮੈਂਬਰ ਸ੍ਰ. ਜੋਗਿੰਦਰ ਸਿੰਘ ਸੇਠੀ ਦੇ ਵੀ ਬਹੁਤ ਹੀ ਧੰਨਵਾਦੀ ਹਾਂ ਜੋ ਕਿ ਸਮੇਂ-ਸਮੇਂ 'ਤੇ ਸਭਾ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਦੇ ਹੋਏ ਹਮੇਸ਼ਾਂ ਹੀ ਸਭਾ ਦੀ ਪ੍ਰਗਤੀ ਲਈ ਆਪਣੇ ਵੱਡਮੁੱਲੇ ਸੁਝਾਅ ਦਿੰਦੇ ਰਹਿੰਦੇ ਹਨ। ਅਸੀਂ ਅਰਦਾਸ ਕਰਦੇ ਹਾਂ ਕਿ ਅਣਗਿਣਤ ਪੰਜਾਬੀ ਕਿਤਾਬਾਂ ਦੇ ਲੇਖਕ ਸ੍ਰ. ਜੋਗਿੰਦਰ ਸਿੰਘ ਸੇਠੀ ਨੂੰ ਵਾਹਿਗੁਰੂ ਹਮੇਸ਼ਾਂ ਹੀ ਸਿਹਤਯਾਬ ਰੱਖਣ ਤਾਂ ਕਿ ਉਹ ਕੌਮ ਦੀ ਚੜ੍ਹਦੀ ਕਲਾ ਲਈ ਆਪਣੀਆਂ ਸੇਵਾਵਾਂ ਦਿੰਦੇ ਰਹਿਣ।

ਅੰਤ ਵਿਚ ਅਸੀਂ ਸਮੂੰਹ ਸਭਾ ਸੋਸਾਇਟੀਆਂ, ਜੱਥੇਬੰਦੀਆਂ, ਸਹਿਯੋਗੀਆਂ ਅਤੇ ਸਰਬੱਤ ਸੰਗਤਾਂ ਦੇ ਧੰਨਵਾਦੀ ਹਾਂ, ਜਿਨ੍ਹਾਂ ਨੇ ਹਰ ਸਮੇਂ ਆਪਣੇ ਸੇਵਕਾਂ ਨੂੰ ਭਰਪੂਰ ਸਹਿਯੋਗ ਦੇ ਕੇ ਨਿਵਾਜਿਆ ਹੈ। ਆਪਣੇ ਸੇਵਕਾਂ ਦੀ ਹਰ ਔਕੜ ਅਤੇ ਲੋੜ ਸਮੇਂ ਪੂਰੀ ਸਹਾਇਤਾ ਕਰਕੇ ਇਸ ਭਾਰੀ ਸੇਵਾ ਦੇ ਨਿਭਾਉਣ ਦਾ ਪਾਤਰ ਬਣਾਇਆ ਹੈ। ਅਸੀਂ ਇਸਦੇ ਨਾਲ ਹੀ ਗੁਰੂ ਮਹਾਰਾਜ ਜੀ ਦਾ ਕੋਟਾਨ ਕੋਟ ਧੰਨਵਾਦ ਕਰਦੇ ਹਾਂ ਜਿਨ੍ਹਾਂ ਨੇ ਅਪਣੀ ਮੇਹਰ ਤੇ ਬਖ਼ਸ਼ਿਸ਼ ਕਰਦੇ ਹੋਏ ਦਾਸਾਂ ਨੂੰ ਭਾਰੀ ਜ਼ਿੰਮੇਵਾਰੀ ਨਿਭਾਉਣ ਵਿੱਚ ਉਤਸ਼ਾਹ ਤੇ ਕਾਮਯਾਬੀ ਬਖ਼ਸ਼ੀ ਹੈ।

ਸ੍ਰੀ ਗੁਰੂ ਸਿੰਘ ਸਭਾ (ਰਜਿ.) ਮੁੰਬਈ-ਦਾਦਰ ਆਪ ਜੀ ਦੀ ਆਪਣੀ ਸੰਸਥਾ ਹੈ। ਸਭਾ ਦੇ ਸੈਮੀਨਾਰ ਹਾਲ ਅਤੇ ਸਭਾ ਵੱਲੋਂ ਦਿੱਤੇ ਜਾਂਦੇ ਐਜੂਕੇਸ਼ਨ ਫੰਡ ਦਾ ਸਿੱਖ ਸੰਗਤਾਂ ਨੂੰ ਭਰਪੂਰ ਲਾਭ ਉਠਾਉਣਾ ਚਾਹੀਦਾ ਹੈ।

ਸਾਨੂੰ ਪੂਰਣ ਵਿਸ਼ਵਾਸ ਹੈ ਕਿ ਇਸ ਕਾਰਗੁਜ਼ਾਰੀ ਰਿਪੋਰਟ ਨੂੰ ਪ੍ਰਵਾਨ ਕਰੋਗੇ ਅਤੇ ਸੇਵਾ ਕਰਦਿਆਂ ਦਾਸਾਂ ਵੱਲੋਂ ਰਹਿ ਗਈਆਂ ਤਰੁੱਟੀਆਂ, ਹੋਈਆਂ ਭੁੱਲਾਂ ਨੂੰ ਖ਼ਿਆਲ ਨਾ ਕਰਦੇ ਹੋਏ ਖ਼ਿਮਾਂ ਦੇ ਪਾਤਰ ਬਣਾਉਗੇ ਅਤੇ ਅੱਗੇ ਲਈ ਸਹੀ ਸੇਧ ਬਖ਼ਸ਼ੋਗੇ।

ਸਾਨੂੰ ਵਿਸ਼ਵਾਸ਼ ਹੈ ਕਿ ਆਪ ਜੀ ਇਸੇ ਤਰ੍ਹਾਂ ਸਭਾ ਦੀ ਅੰਤ੍ਰਿੰਗ ਕਮੇਟੀ ਵਿੱਚ ਸੇਵਾ ਨਿਭਾ ਰਹੇ ਆਪਣੇ ਸੇਵਕਾਂ ਨੂੰ ਭਰੋਸੇ ਦਾ ਪਾਤਰ ਬਣਾ ਕੇ ਹਰ ਤਰ੍ਹਾਂ ਨਾਲ ਸਹਾਇਤਾ ਅਤੇ ਸਹਿਯੋਗ ਦੇ ਕੇ ਨਿਵਾਜਦੇ ਰਹੋਗੇ ਅਤੇ ਇਸ ਕੇਂਦਰੀ ਸੰਸਥਾ ਨੂੰ ਸਦਾ ਉੱਚਾ ਰਖੋਗੇ।

| | |
|---|---|
| **ਸ੍ਰ. ਰਘਬੀਰ ਸਿੰਘ ਗਿੱਲ** | **ਸ੍ਰ. ਮਨਮੋਹਨ ਸਿੰਘ ਰੱਤੀ** |
| ਪ੍ਰਧਾਨ | ਜਨਰਲ ਸਕੱਤਰ |

V V V V V V V V V V

# Executive Committee 2018-2021

## Updated till 22/01/2022 Meetings

| Sr.No. | NAME | Total Meetings | Meetings Attended |
|---|---|---|---|
| 1 | Raghbir Singh Gill | 43 | 42 |
| 2 | Kulwant Singh | 43 | 38 |
| 3 | Sukhwinder Singh Randhawa | 43 | 37 |
| 4 | Manmohan Singh Ratti | 43 | 40 |
| 5 | Balbir Singh Bath | 43 | 41 |
| 6 | Ram Singh Rathor | 43 | 27 |
| 7 | Dilbag Singh Ghuman | 43 | 34 |
| 8 | Pritam Singh Bath | 43 | 38 |
| 9 | Paljinder Singh Sohi | 43 | 43 |
| 10 | Hardev Singh Ghuman | 43 | 30 |
| 11 | Ravinder Singh Khem Singh | 43 | 37 |
| 12 | Onkar Singh Matta | 43 | 33 |
| 13 | Tejwant Singh Kartar Singh | 43 | 25 |
| 14 | Satnam Singh Bajwa | 43 | 15 |
| 15 | Harpreet Singh Pallah | 43 | 27 |
| 16 | Charanjit Singh Gandhi | 43 | 33 |
| 17 | Amarjit Singh Sandhu | 43 | 28 |
| 18 | Ravinder Singh Nand Singh | 43 | 5 |
| 19 | Bahadur Singh Dadial | 43 | 2 |
| 20 | Kunan Singh Puran Singh | 43 | 14 |
| 21 | Manjit Singh Ram Singh | 43 | 40 |
| 22 | Gurvinder Singh Gill | 43 | 25 |
| 23 | Iqbal Singh Gill | 43 | 38 |
| 24 | Kawaljit Singh Gurbachan Singh | 43 | 16 |
| 25 | Joginder Singh Sethi | 43 | 21 |